Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 500/- ਰੁਪਏ

ਦੋ ਸਾਲ ਲਈ 750/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।



Editor : Jagpreet Singh • RNI/PUNPUN00806 • Issue Dated 01-03-2025 • Vol.43 No.09 • Ph. : 0175-2214575, 90410-14575 • Page : 16 E-mail : khetiduniyan1983@gmail.com




# ਕਿਸਾਨ ਮੇਲੇ

**5 ਮਾਰਚ** — ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ)

**7 ਮਾਰਚ** — ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ)

**11 ਮਾਰਚ** — ਫਰੀਦਕੋਟ

**13 ਮਾਰਚ** — ਗੁਰਦਾਸਪੁਰ

**18 ਮਾਰਚ** — ਬਠਿੰਡਾ

**25 ਮਾਰਚ** — ਰੌਣੀ (ਪਟਿਆਲਾ)

## ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ ਨੂੰ

## ਖੇਤੀ ਦੁਨੀਆਂ ਦੇ ਸਟਾਲ ਨੰ.207 'ਤੇ ਪਧਾਰੋ।

**ਗੋਵਿੰਦ ਵੱਲਭ ਪੰਤ ਖੇਤੀ ਅਤੇ ਤਕਨੀਕੀ ਯੂਨੀਵਰਸਿਟੀ, ਪੰਤਨਗਰ (ਉੱਤਰਾਖੰਡ)**

**7–10 ਮਾਰਚ, 2025**

# ਕਣਕ ਦਾ ਬਿਮਾਰੀ ਰਹਿਤ ਬੀਜ ਪੈਦਾ ਕਰਨ ਲਈ ਜ਼ਰੂਰੀ ਨੁਕਤੇ

★ ਇਸ ਹਫਤੇ ਮੀਂਹ ਪੈਣ ਕਾਰਨ ਮੌਸਮ ਪੀਲੀ ਕੁੰਗੀ ਦੇ ਹਮਲੇ ਲਈ ਅਨੁਕੂਲ ਬਣ ਸਕਦਾ ਹੈ। ਪੀਲੀ ਕੁੰਗੀ ਦੇ ਹਮਲੇ ਲਈ ਅਨੁਕੂਲ ਬਣ ਸਕਦਾ ਹੈ। ਪੀਲੀ ਕੁੰਗੀ ਦਾ ਵੇਲੇ ਸਿਰ ਪਤਾ ਲਾਉਣ ਲਈ ਆਪਣੇ ਖੇਤਾਂ ਦਾ ਚੰਗੀ ਤਰ੍ਹਾਂ ਨਿਰੀਖਣ ਕਰੋ। ਜੇਕਰ ਪੀਲੀ ਕੁੰਗੀ ਦਾ ਹਮਲਾ ਨਜ਼ਰ ਆਵੇ ਤਾਂ ਇਸਦੀ ਸ਼ੁਰੂਆਤੀ ਲਾਗ ਨੂੰ ਕਾਬੂ ਕਰਨ ਲਈ ਕੈਵੀਅਟ ਜਾਂ ਕਸਟੋਡੀਆ ਜਾਂ ਓਪਿਰਾ ਜਾਂ ਸ਼ਾਈਨ ਜਾਂ ਬੰਪਰ ਜਾਂ ਸਟਿਲਟ ਜਾਂ ਕੰਪਾਸ ਜਾਂ ਮਾਰਕਜ਼ੋਲ ਦੇ 0.1 ਪ੍ਰਤੀਸ਼ਤ ਦੇ 0.1 ਪ੍ਰਤੀਸ਼ਤ (1 ਮਿ.ਲਿ. ਪ੍ਰਤੀ ਲਿਟਰ ਪਾਣੀ) ਘੋਲ ਦਾ ਛਿੜਕਾਅ ਕਰੋ। ਲੋੜ ਪੈਣ ਤੇ ਇਹ ਛਿੜਕਾਅ ਫਿਰ ਦੁਹਰਾਓ ਤਾਂ ਜੋ ਉੱਪਰ ਵਾਲੇ 2-3 ਪੱਤੇ ਬਿਮਾਰੀ ਤੋਂ ਰਹਿਤ ਰਹਿਣ।

★ ਇਸ ਸਮੇਂ ਕਣਕ ਦਾ ਨਿਸਾਰਾ ਸ਼ੁਰੂ ਹੋਣ ਵਾਲਾ ਹੈ। ਇਸ ਲਈ ਬੀਜ ਵਾਲੀ ਫਸਲ ਦਾ ਚੰਗੀ ਤਰ੍ਹਾਂ ਨਿਰੀਖਣ ਕਰੋ ਅਤੇ ਇਸ ਵਿੱਚੋਂ ਗੈਰਫਸਲੀ ਅਤੇ ਬਿਮਾਰ ਬੂਟੇ ਨਜ਼ਰ ਆਉਣ ਤਾਂ ਉਨ੍ਹਾਂ ਨੂੰ ਪੁੱਟ ਕੇ ਨਸ਼ਟ ਕਰ ਦਿਓ।

★ ਪੱਤਿਆਂ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਬੂਟੇ ਅੱਧ ਜਨਵਰੀ ਤੋਂ ਬਾਅਦ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪੈਂਦੇ ਹਨ। ਅਜਿਹੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦਿਓ ਅਤੇ ਨਸ਼ਟ ਕਰ ਦਿਓ ਤਾਂ ਜੋ ਬਿਮਾਰੀ ਨੂੰ ਅਗਲੇ ਸਾਲ ਲਈ ਘਟਾਇਆ ਜਾ ਸਕੇ।

★ ਕਰਨਾਲ ਬੰਟ ਤੋਂ ਬਚਾਅ ਲਈ ਬੀਜ ਵਾਲੀ ਫਸਲ ਤੇ ਨਿਸਾਰੇ ਸਮੇਂ 200 ਮਿ.ਲਿ. ਪ੍ਰੋਪੀਕੋਨਾਜ਼ੋਲ (ਟਿਲਟ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਫਸਲ ਦੇ ਨਿਸਾਰੇ ਤੋਂ ਬਾਅਦ ਇਸ ਛਿੜਕਾਅ ਦਾ ਕੋਈ ਫਾਇਦਾ ਨਹੀਂ ਹੁੰਦਾ।

★ ਸਿੱਟਿਆਂ ਦੀ ਕਾਂਗਿਆਰੀ ਦਾ ਹਮਲਾ ਫਸਲ ਦੇ ਨਿਸਾਰੇ ਸਮੇਂ ਨਜ਼ਰ ਆਉਂਦਾ ਹੈ। ਇਸ ਲਈ ਫਸਲ ਦੇ



ਨਿਸਰਨ ਸਮੇਂ ਆਪਣੇ ਖੇਤਾਂ ਦਾ ਨਿਰੀਖਣ ਕਰੋ। ਜੇਕਰ ਕਾਂਗਿਆਰੀ ਨਾਲ ਪ੍ਰਭਾਵਿਤ ਸਿੱਟੇ ਦਿਖਾਈ ਦੇਣ ਤਾਂ ਉਨ੍ਹਾਂ ਉੱਪਰ ਲਿਫਾਫਾ ਚੜ੍ਹਾ ਕੇ ਕੱਟ ਲਓ ਅਤੇ ਬਾਅਦ ਵਿਚ ਇਨ੍ਹਾਂ ਨੂੰ ਖੇਤ ਵਿਚ ਡੂੰਘਾ ਦੱਬ ਕੇ ਨਸ਼ਟ ਕਰ ਦਿਓ। ਇਸ ਤਰ੍ਹਾਂ ਕਰਨ ਨਾਲ ਇਹ ਬਿਮਾਰੀ ਸਿਹਤਮੰਦ ਸਿੱਟਿਆਂ ਨੂੰ ਨਹੀਂ ਲੱਗੇਗੀ ਅਤੇ ਦਾਣੇ ਰੋਗ ਰਹਿਤ ਪੈਦਾ ਹੋਣਗੇ। ਬੀਜ ਐਕਟ ਅਨੁਸਾਰ ਕਾਂਗਿਆਰੀ ਦੀਆਂ ਸੰਵੇਦਨਸ਼ੀਲ ਕਿਸਮਾਂ ਦੇ ਬੀਜਾਂ ਦਾ ਉਤਪਾਦਨ ਕਰਨ ਲਈ ਬੁਨਿਆਦੀ ਬੀਜ ਵਿਚ 0.1 ਫੀਸਦੀ ਅਤੇ ਸਰਟੀਫਾਈਡ ਬੀਜ ਵਿਚ 0.5 ਫੀਸਦੀ ਤੋਂ ਵੱਧ ਕਾਂਗਿਆਰੀ ਵਾਲੀਆਂ ਸ਼ਾਖਾਵਾਂ ਨਹੀਂ ਹੋਣੀਆਂ ਚਾਹੀਦੀਆਂ।

★ ਬੀਜ ਵਾਲੀ ਫਸਲ ਦੀ ਵਾਢੀ ਚੰਗੀ ਧੁੱਪ ਵਾਲੇ ਦਿਨ ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਜੇਕਰ ਬੀਜ ਵਾਲੀ ਫਸਲ ਨੂੰ ਬੱਦਲਵਾਈ ਅਤੇ ਨਮੀਂ ਦੀ ਮੌਜੂਦ ਵਿਚ ਵੱਡਿਆ ਜਾਵੇ ਤਾਂ ਬੀਜ ਦੇ ਛਿਲਕੇ ਉੱਪਰ ਕਿਸੇ ਕਿਸਮ ਦੇ ਜਖਮ ਹੋਣ ਜਾਂ ਬੀਜ ਟੁੱਟਾ ਹੋਇਆ ਹੋਵੇ ਤਾਂ ਇਸ ਦੇ ਭੰਡਾਰਨ ਸਮੇਂ ਕਈ ਤਰ੍ਹਾਂ ਦੇ ਕੀੜੇ ਅਤੇ ਉੱਲੀਆਂ ਪੈਦਾ ਹੋ ਜਾਂਦੀਆਂ ਹਨ ਜੋ ਬੀਜ ਦੀ ਗੁਣਵੱਤਾ ਤੇ ਮਾੜਾ ਅਸਰ ਪਾਉਂਦੀਆਂ ਹਨ।

★ ਬੀਜ ਵਾਲੀ ਫਸਲ ਦੀ ਗਹਾਈ ਦੂਜੀਆਂ ਫਸਲਾਂ ਤੋਂ ਅਲੱਗ ਅਤੇ ਪੱਕੇ ਫਰਸ਼ ਤੇ ਆਪਣੀ ਨਿਗਰਾਨੀ ਅਤੇ ਦੇਖ-ਰੇਖ ਹੇਠ ਕਰਨੀ ਚਾਹੀਦੀ ਹੈ।

★ ਬੀਜ ਨੂੰ ਸੰਭਾਲਣ ਤੋਂ ਪਹਿਲਾਂ ਉਸ ਵਿਚ ਕਰਨਾਲ ਬੰਟ ਦੀ ਜਾਂਚ ਕਰਨੀ ਬਹੁਤ ਜ਼ਰੂਰੀ ਹੈ। ਇਹ ਕੰਮ ਕਰਨ ਲਈ ਕਣਕ ਦੇ ਬੀਜ ਨੂੰ ਪਹਿਲਾਂ ਸਧਾਰਨ ਪਾਣੀ ਵਿਚ ਕੁਝ ਮਿੰਟਾਂ ਲਈ ਭਿਉਂ ਦਿਓ ਅਤੇ ਬਾਅਦ ਵਿਚ ਬਾਹਰ ਕੱਢ ਕੇ ਸਫੇਦ ਕਾਗਜ਼ ਤੇ ਖਿਲਾਰ ਲਓ। ਜੇਕਰ ਇਸ ਵਿਚ ਕਰਨਾਲ ਬੰਟ ਨਾਲ ਪ੍ਰਭਾਵਿਤ 4-5 ਦਾਣੇ ਨਜ਼ਰ ਆਉਣ ਤਾਂ ਇਸ ਤਰ੍ਹਾਂ ਦਾ ਬੀਜ ਅਗਲੇ ਸਾਲ ਲਈ ਨਾ ਰੱਖਿਓ।


**ਅਮਰਜੀਤ ਸਿੰਘ, ਅੰਜੂ ਬਾਲਾ ਅਤੇ ਪਰਮਿੰਦਰ ਕੌਰ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 94637-47280**



KSA BEW KSP

KS Group PUNJAB

www.ksagrotech.org
sales@ksagrotech.org

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

KSA Straw Reaper




KSA 756 XH

TOLL FREE NUMBER 1800-120-004455

www.ksagrotech.org

ਸਟਰਾ-ਰੀਪਰ ਬੁੱਕ ਕਰਵਾਓ

Contact No.
+91 92170-70555
+91 92170-71755

ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ

# ਬਸੰਤ ਰੁੱਤ ਵਿਚ ਬਾਗ ਲਗਾਉਣ ਤੋਂ ਪਹਿਲਾਂ ਮਿੱਟੀ ਪਰਖ ਜ਼ਰੂਰੀ

ਜਗਮਨਜੋਤ ਸਿੰਘ ਮਾਨ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਮੋਬਾਇਲ : 94929-00307

**ਫਲਦਾਰ ਬੂਟੇ ਲਗਾਉਣ ਤੋਂ ਪਹਿਲਾਂ ਧਿਆਨ ਰੱਖਣ ਯੋਗ ਗੱਲਾਂ**

★ ਫਲਦਾਰ ਬੂਟੇ ਲਗਾਉਣ ਲਈ ਜ਼ਮੀਨ ਡੂੰਘੀ, ਚੰਗੇ ਜਲ ਨਿਕਾਸ ਵਾਲੀ, ਭਲ ਵਾਲੀ ਤੇ ਉਪਜਾਊ ਹੋਣੀ ਚਾਹੀਦੀ ਹੈ ।

★ ਜ਼ਮੀਨ ਦੀ 2 ਮੀਟਰ ਤੱਕ ਦੀ ਡੂੰਘਾਈ ਵਿਚ ਕੋਈ ਸਖ਼ਤ ਤਹਿ ਨਹੀਂ ਹੋਣੀ ਚਾਹੀਦੀ ।



★ ਪਾਣੀ ਦੀ ਸਤਹ 3 ਮੀਟਰ ਤੋਂ ਥੱਲੇ ਹੋਈ ਚਾਹੀਦੀ ਹੈ ਅਤੇ ਇਸ ਵਿਚ ਕੋਈ ਉਤਰਾਅ ਚੜ੍ਹਾਅ ਨਹੀਂ ਆਉਣਾ ਚਾਹੀਦਾ ।

★ ਸੇਮ ਵਾਲੀ, ਲੂਣੀ ਜਾਂ ਤੇਜ਼ਾਬੀ ਜ਼ਮੀਨ ਵਿਚ ਫਲਦਾਰ ਬੂਟੇ ਨਹੀਂ ਲਾਉਣੇ ਚਾਹੀਦੇ ਹਨ ।

★ ਫਲਦਾਰ ਬੂਟਿਆਂ ਵਾਲੀ ਜ਼ਮੀਨ ਦੀ ਹੇਠਲੀ ਤਹਿ ਤੇ ਤੱਤਾਂ ਦਾ ਦਰਜਾ ਵੀ ਫਲਦਾਰ ਬੂਟਿਆਂ ਦੇ ਵਾਧੇ ਲਈ ਬਹੁਤ ਜ਼ਰੂਰੀ ਹਨ । ਇਸ ਕਰਕੇ ਬਾਗ ਲਾਉਣ ਵਾਲੀ ਜ਼ਮੀਨ ਦੇ ਨਮੂਨੇ 2 ਮੀਟਰ ਦੀ ਡੂੰਘਾਈ ਤੱਕ ਲੈਣੇ ਚਾਹੀਦੇ ਹਨ ।

1. ਜਿਸ ਖੇਤ ਵਿਚ ਬਾਗ ਲਗਾਉਣਾ ਹੋਵੇ, ਉਸ ਖੇਤ ਦੇ ਵਿਚਾਲੇ ਇੱਕ 6 ਫੁੱਟ ਡੂੰਘਾ ਟੋਇਆ ਪੁੱਟੋ ।

2. ਇਸ ਟੋਏ ਦੇ ਸਿੱਧੇ ਪਾਸੇ ਤੇ ਉੱਪਰੋਂ ਹੇਠਾਂ ਵੱਲ੍ਹ ਇਸ ਤਰ੍ਹਾਂ ਨਿਸ਼ਾਨ ਲਾਓ ਕਿ ਪਹਿਲਾ ਨਿਸ਼ਾਨ 6 ਇੰਚ ਤੇ, ਦੂਜਾ ਨਿਸ਼ਾਨ 1 ਫੁੱਟ ਤੇ, ਇਸ ਪਿੱਛੋਂ ਹਰ ਫੁੱਟ ਤੇ ਨਿਸ਼ਾਨ ਹੋਵੇ ।

3. ਖੁਰਪੇ ਨਾਲ 6 ਇੰਚ ਦੇ ਨਿਸ਼ਾਨ ਤੱਕ 1 ਇੰਚ ਮੋਟੀ ਮਿੱਟੀ ਦੀ ਤਹਿ ਇਕਸਾਰ ਲਓ ਜਿਸ ਦਾ ਭਾਰ ਲਗਭਗ ਅੱਧਾ ਕਿਲੋਗ੍ਰਾਮ ਹੋਵੇ ।

4. ਇਸ ਮਿੱਟੀ ਨੂੰ ਕੱਪੜੇ ਦੀ ਥੈਲੀ ਵਿਚ ਪਾਓ, ਜਿਸ ਉੱਪਰ ਜਾਂ ਵਿਚ ਪਰਚੀ ਉੱਪਰ ਆਪਣਾ ਨਾਮ, ਨਮੂਨਾ ਲੈਣ ਦੀ ਤਰੀਕ, ਆਪਣਾ ਡਾਕ ਦਾ ਸਿਰਨਾਵਾਂ, ਫੋਨ ਨੰਬਰ, ਕਿਸ ਮਕਸਦ ਲਈ ਨਮੂਨਾ ਭੇਜਿਆ ਜਾ ਰਿਹਾ, ਜ਼ਮੀਨ (ਸੇਂਜੂ ਜਾ ਬਰਾਨੀ) ਅਤੇ ਸਿੰਚਾਈ ਦਾ ਸਾਧਨ, ਪਾਣੀ ਦਾ ਕੁਦਰਤੀ ਨਿਕਾਸ ਤੇ ਪਾਣੀ ਤਲ ਦੀ ਡੂੰਘਾਈ ਲਿਖੋ ।

5. ਇਸੇ ਤਰ੍ਹਾਂ ਅੱਧੇ-ਅੱਧੇ ਕਿਲੋਗ੍ਰਾਮ ਦੇ 6 ਹੋਰ ਨਮੂਨੇ ਨਿਸ਼ਾਨਾਂ ਅਨੁਸਾਰ ਲਓ ਤੇ ਵੱਖੋ-ਵੱਖ ਥੈਲੀਆਂ ਵਿਚ ਪਾਓ । ਇਹਨਾਂ ਸਾਰਿਆਂ ਨਮੂਨਿਆਂ ਦੀ ਗਿਣਤੀ 7 ਹੋ ਜਾਵੇਗੀ ।

6. ਜੇ ਮਿੱਟੀ ਗਿੱਲੀ ਹੋਵੇ ਤਾਂ ਇਸ ਨੂੰ ਛਾਂ ਵਿਚ ਸੁਕਾ ਲਓ । ਫੇਰ ਇਕ ਪਰਚੀ ਉੱਤੇ ਉਹ ਸਾਰੀ ਜਾਣਕਾਰੀ ਲਿਖ ਕੇ ਉਸ ਨੂੰ ਥੈਲੀ ਵਿਚ ਮਿੱਟੀ ਦੇ ਨਾਲ ਹੀ ਬੰਦ ਕਰ ਦਿਓ ।

7. ਜੇ ਕਿਸੇ ਡੂੰਘਾਈ ਤੇ ਕੋਈ ਰੋੜਾਂ ਦੀ ਤਹਿ ਹੋਵੇ ਤਾਂ ਉਸਦਾ ਨਮੂਨਾ ਅਲੱਗ ਲੈ ਕੇ ਵੱਖਰੀ ਥੈਲੀ 'ਚ ਪਾਉਣਾ ਚਾਹੀਦਾ ਹੈ ਅਤੇ ਉਸ ਤਹਿ ਦੀ ਡੂੰਘਾਈ ਤੇ ਚੌੜਾਈ ਬਾਰੇ ਇਕ ਪਰਚੀ ਤੇ ਲਿਖ ਕੇ ਉਸ ਥੈਲੀ 'ਚ ਪਾ ਦੇਣੀ ਚਾਹੀਦੀ ਹੈ ।

8. ਇਹ ਨਮੂਨੇ ਨੇੜੇ ਦੇ ਕਿਸੇ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਭੇਜ ਦਿਓ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ ਵਿਚ ਜਮ੍ਹਾ ਕਰਵਾ ਦਿਓ ।

9. ਮਿੱਟੀ ਦਾ ਨਮੂਨਾ ਲੈਂਦੇ ਹੋਏ ਧਿਆਨ ਰੱਖੋ ਕਿ ਅਸਾਧਾਰਨ ਖੇਤ ਦਾ, ਜਿੱਥੇ ਰੂੜੀ ਖਾਦ ਪਈ ਹੋਵੇ, ਪੁਰਾਣੀ ਵੱਟ, ਉਬੜ-ਖਾਬੜ ਭੂਮੀ, ਦਰਖਤਾਂ ਹੇਠਲੀ ਮਿੱਟੀ, ਜਿੱਥੇ ਪਾਣੀ ਭਰਿਆ ਹੋਵੇ ਜਾਂ ਕਿਸੇ ਖਰਾਬ ਭੂਮੀ ਦਾ ਨਮੂਨਾ ਨਾ ਲਓ ।

**ਮਿੱਟੀ ਦਾ ਨਮੂਨਾ ਲੈਣ ਲਈ ਜ਼ਰੂਰੀ ਸਮਾਨ**

ਮਿੱਟੀ ਦਾ ਨਮੂਨਾ ਲੈਣ ਲਈ ਜ਼ਰੂਰੀ ਸਮਾਨ ਜਿਵੇਂ ਕਿ ਕਹੀ, ਖੁਰਪਾ, ਪਲਾਸਟਿਕ ਦੀ ਬਾਲਟੀ ਜਾਂ ਕੋਈ ਹੋਰ ਕੰਟੇਨਰ, ਕੱਪੜੇ ਦੀ ਥੈਲੀ, ਮੋਟਾ ਕਾਗਜ਼, ਫੁੱਟਾ ਅਤੇ ਲਿਖਣ ਲਈ ਮਾਰਕਰ ਦੀ ਲੋੜ ਹੁੰਦੀ ਹੈ ।

**ਬਾਗ ਲਗਾਉਣ ਲਈ ਜ਼ਮੀਨ ਦੀ ਅਨੁਕੂਲਤਾ**

| ਗੁਣ | ਨਿੰਬੂ ਜਾਤੀ ਅਤੇ ਆੜੂ | ਦੂਜੇ ਫਲਦਾਰ ਬੂਟੇ |
|---|---|---|
| ਕੰਡਕਟਿਵਿਟੀ (ਮਿਲੀ ਮਹੋਜ਼/ਸੈਂਟੀਮੀਟਰ) | 0.5 ਤੋਂ ਘੱਟ | 1.0 ਤੋਂ ਘੱਟ |
| ਕੈਲਸ਼ੀਅਮ ਕਾਰਬੋਨੇਟ (%) | 5 ਤੋਂ ਘੱਟ | 10 ਤੋਂ ਘੱਟ |
| ਲਾਈਮ ਕਨਕਰੀਸ਼ਨ (%) | 10 ਤੋਂ ਘੱਟ | 20 ਤੋਂ ਘੱਟ |
| ਪੀ.ਐਚ. | 8.5 ਤੋਂ ਘੱਟ | 8.7 ਤੱਕ, ਉਪਰ ਵਾਲੇ ਦੋ ਫੁੱਟ ਲਈ/ਹੇਠਾਂ 9.0 ਤੱਕ |

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਦੀ ਪਹਿਲੀ ਘੋਲ ਕੇ ਇਕ ਸਪਰੇਅ ਕਰੋ ਅਤੇ ਦੂਸਰੀ ਸਪਰੇਅ ਸਿੱਟੇ ਉੱਪਰ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਐਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ ।



**ਦਾਲਾਂ** : ਵਧੀਆ ਝਾੜ ਲਈ ਸਮੇਂ ਸਿਰ ਬੀਜੀ ਮਸਰ ਦੀ ਫਸਲ ਨੂੰ ਲੋੜ ਅਨੁਸਾਰ ਪਾਣੀ ਲਾਓ ।

**ਕਮਾਦ** : ਇਸ ਮਹੀਨੇ ਦੇ ਅੱਧ ਤੋਂ ਕਮਾਦ ਦੀ ਬਿਜਾਈ ਸ਼ੁਰੂ ਕਰ ਦਿਓ । ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ-118, ਸੀ ਓ ਜੇ-64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ-98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ-88 ( ਦਰਮਿਆਨੀਆਂ ਅਤੇ ਪਿਛੇਤੀਆਂ ਪੱਕਣ ਵਾਲੀਆਂ) ਕਿਸਮਾਂ ਵਰਤੋ ।

**ਤੇਲ ਬੀਜ** : ਜੇਕਰ ਸਰ੍ਹੋਂ ਤੇ ਚੇਪੇ ਦਾ ਹਮਲਾ ਹੋਵੇ ਤਾਂ 40 ਗ੍ਰਾਮ ਐਕਟਾਰਾ/ਦੋਤਾਰਾ 25 ਡਬਲਯੂ. ਜੀ. ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੌਰੋਬਾਨ 20 ਤਾਕਤ ਨੂੰ 125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ । ਛਿੜਕਾਅ ਦੁਪਹਿਰ ਬਾਅਦ ਕਰਨਾ ਚਾਹੀਦਾ ਹੈ ।

**ਸੂਰਜਮੁੱਖੀ** : ਸੂਰਜਮੁੱਖੀ ਦੀ ਫਸਲ ਨੂੰ ਲੋੜ ਅਨੁਸਾਰ ਪਾਣੀ ਦਿਓ ।

**ਚਾਰੇ** : ਜ਼ਮੀਨ ਦੀ ਕਿਸਮ ਅਤੇ ਮੌਸਮ ਨੂੰ ਦੇਖਦੇ ਹੋਏ 15-20 ਦਿਨਾਂ ਦੇ ਵਕਫ ਤੇ ਬਰਸੀਮ ਅਤੇ ਲੂਸਣ ਦੀ ਫਸਲ ਨੂੰ ਪਾਣੀ ਦਿੰਦੇ ਰਹੋ ।

**ਸਬਜ਼ੀਆਂ** : ਇਹ ਸਮਾਂ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿਚ ਲਗਾਉਣ ਲਈ ਢੁੱਕਵਾਂ ਹੈ। ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫਾਫੇ ਉਤਾਰ ਲਓ। ਘੀਆ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ ਐਚ-51, ਪੰਜਾਬ ਅੰਮ੍ਰਿਤ, ਪੰਜਾਬ ਸਰਦਾ ਅਤੇ ਹਰਾ ਮਧੂ, ਹਦਵਾਣੇ ਦੀ ਪੰਜਾਬ ਮਿਠਾਸ, ਟੀਡੇ ਦੀ ਪੰਜਾਬ ਟੀਂਡਾ-1, ਕਰੇਲੇ ਦੀ ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲਾ-15 ਅਤੇ ਪੰਜਾਬ ਕਰੇਲੀ ਨੰ. 1, ਕਾਲੀ ਤੋਰੀ ਦੀ ਪੰਜਾਬ ਨਿਖਾਰ, ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਗਜ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ । ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ ।

**ਬਾਗਬਾਨੀ** : ਬੇਰ, ਨਿੰਬੂ ਜਾਤੀ ਆੜੂ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਓ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ । ਵੱਖ-ਵੱਖ ਫਲਦਾਰ ਬੂਟਿਆਂ ਨੂੰ ਲੱਗਣ ਵਾਲੇ ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਿਫਾਰਿਸ਼ਾਂ ਮੁਤਾਬਿਕ ਛਿੜਕਾਅ ਕਰੋ । ਨਿੰਬੂਜਾਤੀ ਦੇ ਬੂਟਿਆਂ ਦਾ ਸਿੱਟਰਸਸਿੱਲਾ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰੋਕੋਡਾਈਲ / ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ / ਦੋਤਾਰਾ (ਥਾਇਆਮੈਥੋਕਸਮ) ਜਾਂ 6.25 ਲਿਟਰ ਮੈਕ ਐਚ. ਐਮ. ਓ (ਹਾਰਟੀ-ਕਲਚਰ ਮਿਨਰਲਆਇਲ) ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਸਦਾ ਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ ਦੇ ਬੂਟੇ, ਅੰਬ, ਅਮਰੂਦ, ਲੁਕਾਠ ਅਤੇ ਬੇਰਾਂ ਨੂੰ ਫਰਵਰੀ ਦੇ ਦੂਜੇ ਪੰਦਰਵਾੜੇ ਵਿਚ ਲਗਾਇਆ ਜਾ ਸਕਦਾ ਹੈ । ਨਿੰਬੂ ਜਾਤੀ ਵਿਚ ਹੁੰਦੀਆਂ (ਪੈਰ ਗਲਣਾ / ਹੇਠਾਂ ਤੋਂ ਤਣੇ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ । ਇਸ ਤੋਂ ਇਲਾਵਾ ਇਸਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਛਿੜਕਿਆ ਜਾ ਸਕਦਾ ਹੈ । ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ.ਲੀ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

**ਪਸ਼ੂ ਪਾਲਣ** : ਸਾਫ ਦੁੱਧ ਦੀ ਗੁਣਵੱਤਾ ਨੂੰ ਲੰਬੇ ਸਮੇਂ ਤੱਕ ਬਣਾਕੇਰੱਖਿਆ ਜਾ ਸਕਦਾ ਹੈ ਅਤੇ ਉਸਦੀ ਸੁਰੱਖਿਅਤ ਰਹਿਣ ਦੀ ਮਿਆਦ ਵੀ ਵੱਧ ਹੁੰਦੀ ਹੈ । ਇਸ ਲਈ ਦੁੱਧ ਦੇ ਸਾਫ-ਸੁਥਰੇ ਹੋਣ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ, ਤਾਂ ਜੋ ਉਸਦੇ ਉਪਯੋਗ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਟਾਈਫਾਇਡ ਬੁਖਾਰ, ਸਕਾਰਲੈਟ ਬੁਖਾਰ, ਡਿਪਥੀਰੀਆ ਅਤੇ ਟੀ. ਬੀ. ਤੋਂ ਬਚਿਆ ਜਾ ਸਕੇ । ਦੁੱਧ ਵਿਚ ਜੀਵਾਣੂੰਆਂ ਦੇ ਸੰਕ੍ਰਮਣ ਦੇ ਲਈ ਮੁੱਖ ਤੌਰ ਤੇ ਪਸ਼ੂ ਦਾ ਪਿਛਲਾ ਹਿੱਸਾ ਅਤੇ ਥਣਾਂ ਦਾ ਸਾਫ ਨਾ ਹੋਣਾ, ਇਸਦੇ ਇਲਾਵਾ ਦੋਧੀ ਦੀ ਨਿੱਜੀ ਸਾਫ-ਸਫਾਈ, ਦੁੱਧ ਚੋਣ ਦੀ ਜਗ੍ਹਾ ਅਤੇ ਦੁੱਧ ਦੇ ਬਰਤਨ ਤੇ ਉਪਕਰਨ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਇਸ ਲਈ ਦੁੱਧ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਦੇ ਲਈ ਦੁੱਧ ਵਿਚ ਹੋਣ ਵਾਲੀ ਗੰਦਗੀ ਨੂੰ ਦੁੱਧ ਉਤਪਾਦਨ ਦੇ ਪੱਧਰ ਤੇ ਹੀ ਨਿਯੰਤ੍ਰਤ ਕੀਤਾ ਜਾਣਾ ਚਾਹੀਦਾ ਹੈ ।

### ਬਹਾਰ ਰੁੱਤ ਦੀ ਮੱਕੀ



ਨਦੀਨਾਂ ਦਾ ਖਾਤਮਾ ਕਰਨ ਲਈ ਐਟਰਾਟਾਫ 50 ਡਬਲਯੂ (ਐਟਰਾਜੀਨ), 500 ਗ੍ਰਾਮ/ਏਕੜ ਹਲਕੀਆਂ ਜ਼ਮੀਨਾਂ ਵਿਚ ਅਤੇ 800 ਗ੍ਰਾਮ/ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਛਿੜਕਾਅ ਦੋ ਦਿਨਾਂ ਦੇ ਵਿੱਚ-ਵਿੱਚ 200 ਲਿਟਰ ਪਾਣੀ ਪਾ ਕੇ ਕਰੋ । ਜੇਕਰ ਚੇਪੇ ਦਾ ਹਮਲਾ ਨੁਕਸਾਨ ਕਰਨ ਦੀ ਸਮਰੱਥਾ (5 ਚੇਪੇ ਪ੍ਰਤੀ ਸਿੱਟਾ) ਤੱਕ ਪਹੁੰਚ ਜਾਵੇ ਤਾਂ 2 ਲਿਟਰ ਘਰ ਬਣਾਏ ਨਿੰਮ ਦਾ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ. ਜੀ. (ਥਾਇਆਮੈਥੋਕਸਮ) ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।



# ਗਰਮ ਰੁੱਤ ਦੀਆਂ ਦਾਲਾਂ ਉਗਾਓ ਅਤੇ ਵਧੇਰੇ ਮੁਨਾਫਾ ਕਮਾਓ ਸਫਲ ਕਾਸ਼ਤ



**ਗਰਮ ਰੁੱਤ ਦੀਆਂ ਦਾਲਾਂ ਫਸਲੀ ਵਿਭਿੰਨਤਾ ਲਈ ਸਭ ਤੋਂ ਢੁਕਵਾਂ ਬਦਲ ਪੇਣ ਕਰਦੀਆਂ ਹਨ, ਜੋ ਕਿ ਅੱਜ ਦੇ ਸਮੇਂ ਦੀ ਲੋੜ ਵੀ ਹੈ। ਗਰਮ ਰੁੱਤ ਦੀਆਂ ਦਾਲਾਂ ਘੱਟ ਸਮੇਂ ਦੀਆਂ ਪਰ ਵਧੇਰੇ ਕੀਮਤ ਵਾਲੀਆਂ ਫਸਲਾਂ ਹੋਣ ਕਰਕੇ ਅਤੇ ਪਾਣੀ ਅਤੇ ਖਾਦਾਂ ਦੀ ਘੱਟ ਵਰਤੋਂ ਕਰਨ ਕਰਕੇ ਪੰਜਾਬ ਦੀ ਬਹੁ-ਫਸਲੀ ਪ੍ਰਣਾਲੀ ਵਿਚ ਬਹੁਤ ਚੰਗੀ ਤਰ੍ਹਾਂ ਫਿੱਟ ਬੈਠਦੀਆਂ ਹਨ। ਇਸ ਤਰ੍ਹਾਂ ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ ਕਿਸਾਨ ਦੀ ਆਮਦਨ ਵਿਚ ਵਾਧਾ ਕਰਨ ਦੇ ਨਾਲ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਵੀ ਕਰਦੀਆਂ ਹਨ।**

**ਗੁਰਮੇਲ ਸਿੰਘ ਸੰਧੂ, ਵਿਵੇਕ ਕੁਮਾਰ ਅਤੇ ਕਰਮਜੀਤ ਸ਼ਰਮਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ।**

ਅਨਾਜ ਤੋਂ ਬਾਅਦ ਦਾਲਾਂ ਭਾਰਤੀ ਲੋਕਾਂ ਦੀ ਖੁਰਾਕ ਦਾ ਮਹੱਤਵਪੂਰਨ ਅੰਗ ਹਨ। ਇਹ ਊਰਜਾ, ਖੁਰਾਕੀ ਰੇਸ਼ਾ, ਪ੍ਰੋਟੀਨ, ਖਣਿਜ ਅਤੇ ਮਨੁੱਖੀ ਸਿਹਤ ਲਈ ਲੋੜੀਂਦੇ ਵਿਟਾਮਿਨ ਪ੍ਰਦਾਨ ਕਰਦੀਆਂ ਹਨ। ਦਾਲਾਂ ਵਾਲੀਆਂ ਫਸਲਾਂ ਹਵਾ ਵਿਚਲੀ ਨਾਈਟ੍ਰੋਜਨ ਨੂੰ ਜ਼ਮੀਨ ਵਿਚ ਜਮ੍ਹਾਂ ਕਰਦੀਆਂ ਹਨ ਅਤੇ ਆਪਣੀ ਰਹਿੰਦ-ਖੂੰਹਦ ਨਾਲ ਮਿੱਟੀ ਵਿਚ ਜੈਵਿਕ ਪਦਾਰਥ ਮਿਲਾਉਂਦੀਆਂ ਹਨ, ਜਿਸ ਨਾਲ ਅਗਲੀਆਂ ਫਸਲਾਂ ਨੂੰ ਫਾਇਦਾ ਹੁੰਦਾ ਹੈ। ਇਸ ਤਰ੍ਹਾਂ ਦਾਲਾਂ ਮਨੁੱਖੀ ਸਿਹਤ ਲਈ ਹੀ ਨਹੀਂ ਸਗੋਂ ਮਿੱਟੀ ਦੀ ਸਿਹਤ ਲਈ ਵੀ ਮਹੱਤਵਪੂਰਨ ਹਨ। ਪੰਜਾਬ ਵਿਚ ਝੋਨੇ-ਕਣਕ ਦੇ ਫਸਲੀ ਚੱਕਰ ਦੀ ਪ੍ਰਮੁੱਖਤਾ ਹੋਣ ਕਾਰਨ ਦਾਲਾਂ ਦੇ ਰਕਬੇ ਅਤੇ ਉਤਪਾਦਨ ਵਿਚ ਕਾਫੀ ਕਮੀ ਆਈ ਹੈ।

ਇਸ ਸਥਿਤੀ ਵਿਚ ਗਰਮ ਰੁੱਤ ਦੀਆਂ ਦਾਲਾਂ ਫਸਲੀ ਵਿਭਿੰਨਤਾ ਲਈ ਸਭ ਤੋਂ ਢੁਕਵਾਂ ਬਦਲ ਪੇਣ ਕਰਦੀਆਂ ਹਨ, ਜੋ ਕਿ ਅੱਜ ਦੇ ਸਮੇਂ ਦੀ ਲੋੜ ਵੀ ਹੈ। ਗਰਮ ਰੁੱਤ ਦੀਆਂ ਦਾਲਾਂ ਘੱਟ ਸਮੇਂ ਦੀਆਂ ਪਰ ਵਧੇਰੇ ਕੀਮਤ ਵਾਲੀਆਂ ਫਸਲਾਂ ਹੋਣ ਕਰਕੇ ਅਤੇ ਪਾਣੀ ਅਤੇ ਖਾਦਾਂ ਦੀ ਘੱਟ ਵਰਤੋਂ ਕਰਨ ਕਰਕੇ ਪੰਜਾਬ ਦੀ ਬਹੁ-ਫਸਲੀ ਪ੍ਰਣਾਲੀ ਵਿਚ ਬਹੁਤ ਚੰਗੀ ਤਰ੍ਹਾਂ ਫਿੱਟ ਬੈਠਦੀਆਂ ਹਨ। ਇਸ ਤਰ੍ਹਾਂ ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ ਕਿਸਾਨ ਦੀ ਆਮਦਨ ਵਿਚ ਵਾਧਾ ਕਰਨ ਦੇ ਨਾਲ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਵੀ ਕਰਦੀਆਂ ਹਨ। ਇਸ ਲਈ, ਕਿਸਾਨ ਵੀਰਾਂ ਨੂੰ ਗਰਮ ਰੁੱਤ ਦੀਆਂ ਦਾਲਾਂ ਨੂੰ ਆਪਣੇ ਫਸਲੀ ਚੱਕਰ ਵਿਚ ਸ਼ਾਮਿਲ ਕਰਨ ਅਤੇ ਇਸ ਲੇਖ ਵਿਚ ਹੇਠ ਦੱਸੀਆਂ ਉਤਪਾਦਨ ਤਕਨੀਕਾਂ ਅਪਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਢੁਕਵੀਆਂ ਜ਼ਮੀਨਾਂ** : ਗਰਮ ਰੁੱਤ ਦੀਆਂ ਦਾਲਾਂ ਦੀ ਕਾਸ਼ਤ ਲੂਣੀਆਂ ਖਾਰੀਆਂ, ਕਲਰਾਠੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਵਿਚ ਨਹੀਂ ਕੀਤੀ ਜਾ ਸਕਦੀ। ਮੂੰਗੀ ਦੀ ਕਾਸ਼ਤ ਲਈ ਚੰਗੇ ਜਲ ਨਿਕਾਸ ਵਾਲੀ ਰੇਤਲੀ ਭਲ ਤੋਂ ਭਲ ਵਾਲੀ ਜ਼ਮੀਨ ਢੁਕਵੀਂ ਹੈ ਜਦ ਕਿ ਮਾਂਹ ਦੀ ਕਾਸ਼ਤ ਲਈ ਚੰਗੀ ਨਿਕਾਸ ਵਾਲੀ ਹਰ ਤਰ੍ਹਾਂ ਦੀ ਮਿੱਟੀ ਵਿੱਚ ਕੀਤੀ ਜਾ ਸਕਦੀ ਹੈ।

**ਸੁਧਰੀਆਂ ਕਿਸਮਾਂ** : ਗਰਮ ਰੁੱਤ ਦੀ ਮੂੰਗੀ ਦੀਆਂ ਕਿਸਮਾਂ ਐਸ ਐਮ ਐਲ 1827, ਟੀ ਐਮ ਬੀ-37, ਐਸ ਐਮ ਐਲ 832 ਅਤੇ ਐਸ ਐਮ ਐਲ 668 ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਜਦਕਿ ਮਾਂਹ 1008 ਅਤੇ ਮਾਂਹ 218 ਗਰਮੀਆਂ ਦੇ ਮੌਸਮ ਵਿਚ ਕਾਸ਼ਤ ਲਈ ਢੁਕਵੀਆਂ ਹਨ।

**ਬੀਜ ਦੀ ਮਾਤਰਾ ਅਤੇ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਮੂੰਗੀ ਦੀ ਕਿਸਮ ਐਸ ਐਮ ਐਲ 668 ਲਈ 15 ਕਿਲੋ ਬੀਜ ਅਤੇ ਹੋਰ ਕਿਸਮਾਂ ਨਹੀ 12 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ।

ਜਦ ਕਿ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਬੀਜ ਦੀ ਬਿਜਾਈ ਦੇ ਸਮੇਂ ਸਿਫਾਰਸ਼ ਕੀਤੇ ਜੀਵਾਣੂੰ ਖਾਦ ਦੇ ਟੀਕੇ ਨਾਲ ਸੋਧਣਾ ਚਾਹੀਦਾ ਹੈ ਜਿਸ ਨਾਲ ਝਾੜ ਵਧਦਾ ਹੈ ਅਤੇ ਮਿੱਟੀ ਦੀ ਸਿਹਤ ਵੀ ਬਰਕਰਾਰ ਰਹਿੰਦੀ ਹੈ। ਇਕ ਏਕੜ ਦੇ ਬੀਜ ਨੂੰ ਲਗਭਗ 300 ਮਿਲੀਲੀਟਰ ਪਾਣੀ ਨਾਲ ਗਿੱਲਾ ਕਰਨ ਤੋਂ ਬਾਅਦ ਜੈਵਿਕ ਖਾਦ ਦੇ ਇਕ ਪੈਕੇਟ ਨਾਲ ਚੰਗੀ ਤਰ੍ਹਾਂ ਮਿਲਾ ਦਿਓ। ਬੀਜ ਨੂੰ ਸੋਧਣ ਉਪਰੰਤ ਛਾਂ ਵਿਚ ਸੁਕਾਉਣਾ ਚਾਹੀਦਾ ਹੈ।

**ਬਿਜਾਈ ਦਾ ਸਮਾਂ ਅਤੇ ਢੰਗ**

ਚੰਗੀ ਪੈਦਾਵਾਰ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਬਿਜਾਈ ਬਹੁਤ ਮਹੱਤਵਪੂਰਨ ਹੈ। ਗਰਮ ਰੁੱਤ ਦੌਰਾਨ ਮੂੰਗੀ ਦੀ ਬਿਜਾਈ 20 ਮਾਰਚ ਤੋਂ 10 ਅਪ੍ਰੈਲ ਤੱਕ ਅਤੇ ਮਾਂਹ ਦੀ ਬਿਜਾਈ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਕਰਨੀ ਚਾਹੀਦੀ ਹੈ। ਮੂੰਗੀ ਦੀ ਬਿਜਾਈ ਅਪ੍ਰੈਲ ਦੇ ਤੀਜੇ ਹਫਤੇ ਤੱਕ ਦੇਰੀ ਨਾਲ ਵੀ ਕੀਤੀ ਜਾ ਸਕਦੀ ਹੈ, ਪਰ ਪੱਕਣ ਸਮੇਂ ਅਗੇਤੀ ਮੌਨਸੂਨੀ ਬਾਰਿਸ਼ ਦਾ ਖਤਰਾ ਰਹਿੰਦਾ ਹੈ। ਮੂੰਗੀ ਅਤੇ ਮਾਂਹ ਦੀ ਬਿਜਾਈ ਬੀਜ ਡਰਿੱਲ, ਕੇਰਾ ਜਾਂ ਪੋਰਾ ਵਿਧੀ ਨਾਲ ਕਤਾਰ ਤੋਂ ਕਤਾਰ ਦੇ 22.5 ਸੈਂਟੀਮੀਟਰ ਫਾਸਲੇ

**ਬਾਕੀ ਸਫਾ 6 'ਤੇ**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 09
ਮਿਤੀ 01-03-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਆਓ ਖੇਤੀ ਵੰਨ-ਸੁਵੰਨਤਾ ਲਈ ਪਾਪਲਰ ਉਗਾਈਏ

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੇ ਰਵਾਇਤੀ ਫਸਲੀ ਚੱਕਰ (ਕਣਕ-ਝੋਨਾ) ਦੀ ਮੰਡੀਕਰਨ ਵਿੱਚ ਪੇਸ਼ ਆ ਰਹੀਆਂ ਮੁਸ਼ਕਲਾਂ ਅਤੇ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਕਾਰਨ ਕਿਸਾਨ ਸਹਾਇਕ ਧੰਦੇ ਅਪਨਾਉਣ ਵਿੱਚ ਰੁੱਚੀ ਦਿਖਾ ਰਹੇ ਹਨ। ਕਣਕ-ਝੋਨੇ ਦੀ ਯਕੀਨੀ ਮੰਡੀਕਰਨ ਤੇ ਸਵਾਲੀਆ ਚਿੰਨ੍ਹ ਲੱਗਣ ਕਰਕੇ ਕਿਸਾਨ ਵੀਰਾਂ ਨੂੰ ਫਸਲੀ ਚੱਕਰ ਜਾਂ ਬਦਲਵੇਂ ਹੀਲੇ ਤਲਾਸ਼ਣ ਦੀ ਡਾਢੀ ਲੋੜ ਹੈ। ਰਵਾਇਤੀ ਰੁੱਖ ਲਗਭਗ ਸਾਰੀਆਂ ਸਿੰਚਾਈ ਵਾਲੀਆਂ ਜ਼ਮੀਨਾਂ ਤੋਂ ਅਲੋਪ ਹੋ ਚੁੱਕੇ ਹਨ। ਜੰਗਲਾਂ ਹੇਠ ਰਕਬਾ ਨਾ-ਮਾਤਰ ਹੋਣ ਕਰਕੇ ਸਰਕਾਰ ਅਤੇ ਵਾਤਾਵਰਣ ਮਾਹਿਰਾਂ ਵੱਲੋਂ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਲਈ ਵਣ ਖੇਤੀ ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਵਣ ਖੇਤੀ ਪ੍ਰਣਾਲੀ ਨੂੰ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਪਾਪਲਰ ਤੇਜ਼ੀ ਨਾਲ ਵਧਣ ਵਾਲਾ ਅਜਿਹਾ ਰੁੱਖ ਹੈ। ਜਿਸ ਦੀ ਨਰਮ ਲੱਕੜ ਤੋਂ ਕਈ ਵਸਤਾਂ ਜਿਵੇਂ ਮਾਚਿਸ ਦੀਆਂ ਤੀਲੀਆਂ, ਡੱਬੀਆਂ, ਪਲਾਈ, ਕਾਗਜ਼ ਆਦਿ ਬਣਦੀਆਂ ਹਨ। ਇਸ ਦਾ ਤਣਾ ਸਿੱਧਾ ਹੋਣ ਕਰਕੇ ਅਤੇ ਇਸ ਦੀ ਸਰਦੀਆਂ ਵਿੱਚ ਪੱਤੇ ਝਾੜਣ ਦੀ ਸਮਰੱਥਾ ਕਰਕੇ ਇਹ ਹਾੜੀ ਦੀਆਂ ਫਸਲਾਂ ਦਾ ਘੱਟ ਨੁਕਸਾਨ ਕਰਦਾ ਹੈ। ਖੇਤੀ ਦੀਆਂ ਫਸਲਾਂ ਵਾਂਗ ਰੁੱਖਾਂ ਤੋਂ ਹੋਣ ਵਾਲੀ ਪੈਦਾਵਾਰ ਅਤੇ ਆਮਦਨ ਬੂਟਿਆਂ ਦੀ ਕਿਸਮ ਉੱਤੇ ਕਾਫੀ ਨਿਰਭਰ ਕਰਦੀ ਹੈ। ਕਿਸਾਨ ਵੀਰਾਂ ਨੂੰ ਨਰਸਰੀ ਪੰਜੀਕ੍ਰਿਤ ਅਤੇ ਭਰੋਸੇਯੋਗ ਅਦਾਰਿਆਂ ਤੋਂ ਹੀ ਖਰੀਦਣੀ ਚਾਹੀਦੀ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਕਈ ਪ੍ਰਾਈਵੇਟ ਨਰਸਰੀਆਂ ਦੁਆਰਾ ਕਿਸਾਨਾਂ ਨੂੰ ਅਜਿਹੇ ਰੁੱਖਾਂ ਦੀ ਨਰਸਰੀ ਵੀ ਸਪਲਾਈ ਕੀਤੀ ਹੈ ਜਿਹੜੇ ਪੰਜਾਬ ਦੇ ਪੌਣ-ਪਾਣੀ ਚੰਗੀ ਤਰ੍ਹਾਂ ਵੱਧ-ਫੁੱਲ ਨਹੀਂ ਸਕਦੇ।

ਕਿਸਾਨ ਸੁਧਰੀ ਨਰਸਰੀ ਆਪ ਵੀ ਤਿਆਰ ਕਰ ਸਕਦੇ ਹਨ ਜਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਣ ਅਤੇ ਕੁਦਰਤੀ ਸੋਮੇ ਵਿਭਾਗ ਤੋਂ ਲੈ ਸਕਦੇ ਹਨ। ਇਸ ਲਈ ਰਾਹੀਂ ਪਾਪਲਰ ਦੀ ਕਾਸ਼ਤ ਦੇ ਢੰਗ ਦੱਸੇ ਗਏ ਹਨ।

**ਪੌਣ-ਪਾਣੀ ਅਤੇ ਮਿੱਟੀ** : ਪੰਜਾਬ ਦਾ ਪੌਣ-ਪਾਣੀ ਪਾਪਲਰ ਲਈ ਢੁੱਕਵਾਂ ਹੈ। ਮੈਰਾ ਰੇਤਲੀ ਜ਼ਮੀਨ, ਜਿੱਥੇ ਪਾਣੀ ਦਾ ਨਿਕਾਸ ਸਹੀ ਹੋਵੇ, ਇਸ ਦੇ ਤੇਜ਼ ਵਾਧੇ ਲਈ ਢੁੱਕਵੀਂ ਹੈ। ਜ਼ਿਆਦਾ ਚੀਕਣੀਆਂ ਜਾਂ ਖਾਰੀਆਂ ਜ਼ਮੀਨਾਂ ਵਿੱਚ ਪਾਪਲਰ ਦਾ ਸਹੀ ਵਾਧਾ ਨਹੀਂ ਹੁੰਦਾ।

**ਨਰਸਰੀ ਤਿਆਰ ਕਰਨਾ** : ਜਨਵਰੀ-ਫਰਵਰੀ ਮਹੀਨੇ ਦਾ ਸਮਾਂ ਪਾਪਲਰ ਲਗਾਉਣ ਲਈ ਢੁੱਕਵਾਂ ਹੈ। ਨਰਸਰੀ ਵਿੱਚ ਤਿਆਰ ਕੀਤੇ ਇਕ ਸਾਲ ਦੇ ਬੂਟੇ ਖੇਤਾਂ ਵਿੱਚ ਲਗਾਏ ਜਾਂਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਸੁਧਰੀਆਂ ਕਿਸਮਾਂ ਐੱਲ-47/88 ਅਤੇ ਐਲ-48/89 ਦੇ ਬੂਟੇ ਮਿਲਦੇ ਹਨ ਜਾਂ ਫਿਰ ਆਪਣੇ ਖੇਤਾਂ ਵਿੱਚ ਹੀ ਕਲਮਾਂ ਤੋਂ ਤਿਆਰ ਕੀਤੇ ਜਾ ਸਕਦੇ ਹਨ ਕਲਮਾਂ ਇਕ ਸਾਲ ਪੁਰਾਣੇ ਬੂਟਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਲੰਬਾਈ 20-25 ਸੈ.ਮੀ. ਅਤੇ ਮੋਟਾਈ 2-3 ਸੈ.ਮੀ. ਹੋਣੀ ਚਾਹੀਦੀ ਹੈ। 8-12 ਟਨ ਦੇਸੀ ਰੂੜੀ ਦੀ ਖਾਦ ਕਿਆਰੀਆਂ ਵਿੱਚ ਪਾਉ। ਕਲਮਾਂ ਨੂੰ 50×50 ਜਾਂ 60×60



ਸੈ.ਮੀ. ਫਾਸਲੇ ਦੇ ਪਲਾਟਿੰਗ ਰਾਡ ਜਾਂ ਕਿਸੇ ਸਰੀਏ ਨਾਲ ਛੇਕ ਕਰਨ ਤੋਂ ਕਲਮਾਂ ਦੀ ਅੱਖ ਜ਼ਮੀਨ ਤੋਂ ਉੱਪਰ ਛੱਡ ਕੇ ਬਾਕੀ ਜ਼ਮੀਨ ਵਿੱਚ ਨੱਪ ਦਿਓ। ਕਲਮਾਂ ਪੁੰਗਰਨ ਤੱਕ ਜ਼ਮੀਨ ਨੂੰ ਗਿੱਲਾ ਰੱਖੋ। ਨਰਸਰੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ 4 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਤੁਰੰਤ ਬਾਅਦ ਵਿਛਾ ਦਿਓ। 50 ਕਿਲੋ ਨਾਈਟਰੋਜਨ ਦੋ ਕਿਸ਼ਤਾਂ ਵਿੱਚ ਜੁਲਾਈ ਅਤੇ ਅਗਸਤ ਦੇ ਪਹਿਲੇ ਹਫਤੇ ਪਾਓ। 60 ਕਿਲੋ ਫਾਸਫੋਰਸ ਅਤੇ 30 ਕਿਲੋ ਪੋਟਾਸ਼ ਤੱਤ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੂਨ ਤੋਂ ਅਕਤੂਬਰ ਤੱਕ ਬੂਟਿਆਂ ਦੇ ਹੇਠਲੇ ਇਕ ਤਿਹਾਈ ਹਿੱਸੇ ਦੀਆਂ ਅੱਖਾਂ ਗਿੱਲੀ ਬੋਰੀ ਨਾਲ ਰਗੜ ਕੇ ਲਾਹ ਦਿਓ। ਲੋੜ ਅਨੁਸਾਰ ਗੋਡੀ ਅਤੇ ਪਾਣੀ ਦਿੰਦੇ ਰਹੋ।

**ਖੇਤਾਂ ਵਿੱਚ ਬੂਟੇ ਲਾਉਣਾ** : ਅੱਧ ਜਨਵਰੀ ਤੋਂ ਅੱਧ ਫਰਵਰੀ ਤੱਕ ਨਰਸਰੀ ਵਿੱਚ ਤਿਆਰ ਬੂਟੇ ਖੇਤਾਂ ਵਿੱਚ ਲਗਾਏ ਜਾਂਦੇ ਹਨ। ਕਤਾਰਾਂ ਵਿਚਲਾ ਫਾਸਲਾ 5 ਮੀ. ਅਤੇ ਬੂਟਿਆਂ ਵਿਚਲਾ ਫਾਸਲਾ 4 ਮੀ. ਰੱਖੋ। ਕਤਾਰਾਂ ਦੀ ਦਿਸ਼ਾ ਉੱਤਰ-ਦੱਖਣ ਰੱਖੋ। ਬੰਨਿਆਂ ਤੇ ਬੂਟੇ ਲਗਾਉਣ ਲਈ ਫਾਸਲਾ 3 ਮੀਟਰ ਹੋਣਾ ਚਾਹੀਦਾ ਹੈ। ਵਣ-ਖੇਤੀ ਤੋਂ ਜ਼ਿਆਦਾ ਝਾੜ ਲੈਣ ਲਈ ਕਤਾਰਾਂ ਵਿਚਲਾ ਫਾਸਲਾ 8 ਮੀ. ਅਤੇ ਬੂਟਿਆਂ ਵਿਚਲਾ ਫਾਸਲਾ 2.5 ਰੱਖੋ।

**ਟੋਏ ਪੁੱਟਣਾ** : ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਫਾਸਲੇ ਮੁਤਾਬਕ ਨਿਸ਼ਾਨ ਲਗਾ ਦਿਓ। ਬੋਕੀ ਜਾਂ ਔਗਰ ਦੀ ਮਦਦ ਨਾਲ 15 ਸੈ.ਮੀ. ਵਿਆਸ ਵਾਲੇ ਇਕ ਮੀਟਰ ਡੂੰਘੇ ਟੋਏ ਪੁੱਟੋ। ਕਿਉਕਿ ਪਾਪਲਰ ਦੀਆਂ ਜੜ੍ਹਾਂ ਜ਼ਮੀਨ ਵਿੱਚ ਡੂੰਘੀਆਂ ਨਹੀਂ ਜਾਂਦੀਆਂ। ਇਸ ਲਈ ਘੱਟ ਡੂੰਘਾਈ ਤੇ ਲਗਾਏ ਗਏ ਬੂਟੇ ਤੀਸਰੇ ਸਾਲ ਤੋਂ ਬਾਅਦ ਹਨੇਰੀ ਨਾਲ ਡਿੱਗ ਜਾਂਦੇ ਹਨ। ਇਸ ਲਈ ਟੋਏ ਹਮੇਸ਼ਾਂ ਇਕ ਮੀਟਰ ਡੂੰਘੇ ਹੀ ਪੁੱਟੋ।

**ਬੂਟੇ ਲਗਾਉਣਾ** : ਅੱਧ ਜਨਵਰੀ ਤੋਂ ਅੱਧ ਫਰਵਰੀ ਦਾ ਸਮਾਂ ਪਾਪਲਰ ਲਗਾਉਣ ਲਈ ਢੁੱਕਵਾਂ ਹੈ। ਪਛੇਤ ਕਰਨ ਨਾਲ ਬੂਟੇ ਨਰਸਰੀ ਵਿੱਚ ਹੀ ਪੁੰਗਰ ਜਾਂਦੇ ਹਨ ਅਤੇ ਖੇਤਾਂ ਵਿੱਚ ਘੱਟ ਚੱਲਦੇ ਹਨ। ਬੂਟਿਆਂ ਨੂੰ ਲਗਾਉਣ ਤੋਂ ਪਹਿਲਾਂ ਇਨ੍ਹਾਂ ਦੀ ਮੋਟੀ ਜੜ 40-50 ਸੈਂਟੀਮੀਟਰ ਅਤੇ ਆਲੇ-ਦੁਆਲੇ ਦੀਆਂ ਜੜ੍ਹਾਂ 15 ਸੈਂਟੀਮੀਟਰ ਰੱਖ ਕੇ ਕੱਟ ਦਿਓ। ਹਰ ਟੋਏ ਲਈ 2 ਕਿਲੋ ਗਲੀ ਸੜੀ ਰੂੜੀ, 10 ਗ੍ਰਾਮ ਬੀ.ਐੱਚ. ਸੀ. 10% ਅਤੇ ਲੋੜ ਅਨੁਸਾਰ ਰਸਾਇਣਿਕ ਖਾਦ ਪਾ ਕੇ ਮਿੱਟੀ ਵਿੱਚ ਰਲਾ ਦਿਓ। ਦਰਮਿਆਨੀ ਨਾਈਟ੍ਰੋਜਨ ਵਾਲੀਆਂ ਜ਼ਮੀਨਾਂ ਵਿੱਚ 50 ਗ੍ਰਾਮ ਯੂਰੀਆ ਅਤੇ 85 ਗ੍ਰਾਮ ਡੀ.ਏ.ਪੀ. ਹਰ ਟੋਏ ਵਿੱਚ ਪਾਓ। ਜੇ ਫਾਸਫੋਰਸ ਐੱਸ ਐੱਸ ਪੀ ਦੁਆਰਾ ਪਾਉਣੀ ਹੋਵੇ, ਤਾਂ 85 ਗ੍ਰਾਮ ਯੂਰੀਆ ਅਤੇ 250 ਗ੍ਰਾਮ ਐੱਸ ਐੱਸ ਪੀ ਪਾਓ। ਪੌਦੇ ਲਾਉਣ ਤੋਂ ਬਾਅਦ ਛੇਤੀ ਹੀ ਪਾਣੀ ਲਾ ਦਿਓ। ਬੂਟੇ ਨੂੰ ਟੋਏ ਵਿੱਚ ਸਿੱਧਾ ਰੱਖ ਕੇ ਖਾਦ ਮਿਲੀ ਮਿੱਟੀ ਨਾਲ ਟੋਏ ਨੂੰ ਭਰ ਦਿਓ ਅਤੇ ਨਾਲ ਨਾਲ ਮਿੱਟੀ ਚੰਗੀ ਤਰ੍ਹਾਂ ਦਬਾ ਦਿਓ ਅਤੇ ਛੇਤੀ ਹੀ ਪਾਣੀ ਲਾ ਦਿਓ। ਬੂਟੇ ਪੁੰਗਰਨ ਤੱਕ ਖੇਤੀ ਨੂੰ ਹਲਕੀ ਪਰ ਘੱਟ ਵਕਫੇ ਨਾਲ ਸਿੰਚਾਈ ਦਿੰਦੇ ਰਹੋ।

**ਕਾਂਟ ਛਾਂਟ** : ਚੰਗੇ ਅਤੇ ਸਿੱਧੇ ਬੂਟੇ ਪੈਦਾ ਕਰਨ ਲਈ ਟਾਹਣੀਆਂ ਦੀ ਕਟਾਈ ਸਰਦੀਆਂ ਵਿੱਚ ਪੱਤੇ ਝਾੜਨ ਤੋਂ ਤੁਰੰਤ ਬਾਅਦ ਕਰੋ ਅਤੇ ਕੱਟੇ ਹਿੱਸਿਆਂ ਉੱਤੇ ਬੋਰਡੋ ਮਿਸ਼ਰਨ (2 ਕਿਲੋ ਨੀਲਾ ਥੋਥਾ+2 ਕਿਲੋ ਚੂਨਾ + 250 ਲੀਟਰ ਪਾਣੀ) ਲਗਾ ਦੇਵੋ। ਲੋੜ ਤੋਂ ਵੱਧ ਕਾਂਟ ਛਾਂਟ ਕਰਨ ਨਾਲ ਬੂਟਿਆਂ ਦਾ ਵਾਧਾ ਰੁਕਦਾ ਹੈ ਅਤੇ ਜ਼ਿਆਦਾ ਟਾਹਣੀਆਂ ਨਿਕਲਦੀਆਂ ਹਨ।

**ਕੀੜੇ-ਮਕੌੜੇ ਅਤੇ ਇਨ੍ਹਾਂ ਦੀ ਰੋਕਥਾਮ** : ਭਾਵੇਂ ਪਾਪਲਰ ਦੇ ਹੇਠ ਲਿਖੇ ਕੀੜੇ ਹਮਲਾ ਕਰ ਸਕਦੇ ਹਨ। ਪਰ ਆਮ ਤੌਰ ਤੇ ਬੂਟਿਆਂ ਵਿੱਚ ਇਸ ਤੋਂ ਉੱਭਰਨ ਦੀ ਸ਼ਕਤੀ ਹੁੰਦੀ ਹੈ।

**1. ਪੱਤੇ ਝਾੜਨ ਵਾਲੀ ਸੁੰਡੀ** : ਇਸ ਸੁੰਡੀ ਦੇ ਹਮਲੇ ਕਾਰਨ ਪੱਤੇ ਜਾਲ ਵਰਗੇ ਬਣ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਸੁੰਡੀ ਮਾਰਚ ਅਪ੍ਰੈਲ ਵਿੱਚ ਹਮਲਾ ਕਰਦੀ ਹੈ ਪਰ ਸਭ ਤੋਂ ਵੱਧ ਨੁਕਸਾਨ ਸਤੰਬਰ ਵਿੱਚ ਹੁੰਦਾ ਹੈ। ਇਸ ਦੀ ਰੋਕਥਾਮ ਲਈ ਉਹ ਪੱਤੇ ਜਿਨ੍ਹਾਂ ਤੇ ਅੰਡੇ ਹੋਣ ਉਨ੍ਹਾਂ ਨੂੰ ਤੋੜ ਕੇ ਸਾੜ ਦਿਓ। ਸਰਦੀਆਂ ਵਿੱਚ ਖੇਤ ਨੂੰ 3-4 ਵਾਰ ਵਾਹ ਦਿਓ।

**2. ਪੱਤਾ ਲਪੇਟ ਸੁੰਡੀ** : ਇਹ ਜਾਲਾ ਬਣਾ ਕੇ ਲਪੇਟੇ ਹੋਏ ਪੱਤੇ ਵਿੱਚ ਹਰਾ ਪਦਾਰਥ ਖਾਂਦੀ ਹੈ। ਇਸ ਦਾ ਸਭ ਤੋਂ ਵੱਧ ਹਮਲਾ ਜੁਲਾਈ ਤੋਂ ਅਕਤੂਬਰ ਵਿਚਕਾਰ ਹੁੰਦਾ ਹੈ।

**3. ਸੱਕ ਖਾਣ ਵਾਲੀ ਸੁੰਡੀ** : ਇਸ ਦੇ ਲਾਰਵੇ ਤਣੇ ਅਤੇ ਟਾਹਣੀਆਂ ਵਿੱਚ ਛੇਕ ਕਰਕੇ ਸੱਕ ਨੂੰ ਖਾਂਦੇ ਹਨ। ਇਹ ਛੇਕ ਖਾਸ ਕਰਕੇ ਉਨ੍ਹਾਂ ਥਾਂਵਾਂ ਤੇ ਹੁੰਦੇ ਹਨ ਜਿੱਥੇ ਟਾਹਣੀਆਂ ਦੀ ਕਾਂਟ ਛਾਂਟ ਕੀਤੀ ਗਈ ਹੈ। ਇਹ ਸੁੰਡੀ ਸਿਰਫ ਰਾਤ ਨੂੰ ਸੱਕ ਖਾਂਦੀ ਹੈ ਅਤੇ ਜਾਲਾ ਬਣਾਉਂਦੀ ਹੈ। ਕਈ ਕਿਸਾਨ ਵੀਰ ਇਸ ਨੂੰ ਤਣੇ ਦਾ ਬੋਰਰ ਸਮਝਦੇ ਹਨ। ਇਸ ਦੀ ਰੋਕਥਾਮ ਲਈ ਜਾਲਿਆਂ ਨੂੰ ਲਾਹ ਦਿਓ ਅਤੇ ਮਿੱਟੀ ਦਾ ਤੇਲ ਛੇਕਾਂ ਵਿਚ ਪਾ ਦਿਓ।

**ਕਟਾਈ ਅਤੇ ਮੰਡੀਕਰਨ** : ਜਦੋਂ ਬੂਟਿਆਂ ਦੀ ਲਪੇਟ 90 ਸੈਂਟੀਮੀਟਰ ਹੋ ਜਾਵੇ ਤਾਂ ਇਹ ਕੱਟਣ ਯੋਗ ਹੋ ਜਾਂਦੇ ਹਨ। ਪਾਣੀ ਦੇ ਨਿਕਾਸ ਵਾਲੀਆਂ ਉਪਜਾਊ ਜ਼ਮੀਨਾਂ ਅਤੇ ਵਧੀਆ ਖੇਤੀ ਪ੍ਰਬੰਧ ਨਾਲ ਪਾਪਲਰ 5-6 ਸਾਲਾਂ ਵਿੱਚ ਕੱਟਿਆ ਜਾ ਸਕਦਾ ਹੈ। ਪਾਪਲਰ ਵੇਚਣ ਲਈ ਨੇੜਲੀ ਪਲਾਈ, ਖੇਡਾਂ ਦਾ ਸਮਾਨ ਜਾਂ ਪੈਕਿੰਗ ਡੱਬੇ ਬਨਾਉਣ ਵਾਲੀ ਫੈਕਟਰੀ ਨਾਲ ਸੰਪਰਕ ਕਰੋ। ਪਾਪਲਰ ਭਾਵੇਂ ਲੱਕੜ ਦੇ ਭਾਰ ਨਾਲ ਵੇਚਿਆ ਜਾਂਦਾ ਹੈ। ਪ੍ਰੰਤੂ ਇਸ ਨੂੰ ਕੱਟ ਕੇ ਵੇਚਣ ਦੀ ਬਜਾਏ ਖੜ੍ਹੇ ਰੁੱਖਾਂ ਨੂੰ ਵੇਚਣ ਦੀ ਤਰਜ਼ੀਹ ਦੇਣੀ ਚਾਹੀਦੀ ਹੈ ਤਾਂ ਜੋ ਚੰਗਾ ਭਾਅ ਨਾ ਮਿਲਣ ਦੀ ਸੂਰਤ ਵਿਚ ਮੰਡੀਕਰਨ ਨੂੰ ਅੱਗੇ ਪਾਇਆ ਜਾ ਸਕੇ। ਨਾਲ ਹੀ ਕੋਸ਼ਿਸ਼ ਕਰੋ ਕਿ ਗਰੁੱਪ ਬਣਾ ਕੇ ਮੰਡੀਕਰਨ ਕੀਤਾ ਜਾਵੇ। ਬੂਟਿਆਂ ਦੀ ਮੋਟਾਈ ਦੇ ਆਧਾਰ ਤੇ ਲੱਕੜ ਦਾ ਘਣਫਲ ਅਤੇ ਭਾਰ ਦਾ ਪਤਾ ਲਗਾਉਣ ਅਤੇ ਹੋਰ ਵਧੇਰੇ ਤਕਨੀਕੀ ਜਾਣਕਾਰੀ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਜੰਗਲਾਤ ਤੇ ਕੁਦਰਤੀ ਸੋਮੇ ਵਿਭਾਗ ਨਾਲ ਸੰਪਰਕ ਕਰੋ।

# ਇੱਕ ਬੋਰੀ ਫੀਡ ਦੀ... ਤੇ ਇੱਕ ਬੋਰੀ ਖਲ ਦੀ!

**ਪਰਮਿੰਦਰ ਸਿੰਘ, ਵਧੀਕ ਨਿਰਦੇਸ਼ਕ ਪਾਸਾਰ ਸਿੱਖਿਆ,**
**ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ**



ਪਿਛੇ ਜਿਹੇ, ਪਸ਼ੂ ਖੁਰਾਕ ਦੀ ਉਚੇਰੀ ਸਿਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨਾਲ ਇੱਕ ਮਸ਼ਹੂਰ ਫੀਡ ਕੰਪਨੀ ਤੇ ਜਾਣ ਦਾ ਮੌਕਾ ਮਿਲਿਆ। ਇਸ ਵਿਦਿਅਕ ਦੌਰੇ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਵੱਖ-ਵੱਖ ਜਿਣਸਾਂ, ਦਵਾਈਆਂ, ਮਸ਼ੀਨਰੀ, ਪਿਸਾਈ, ਰਲਾਈ, ਫੀਡ ਤੇ ਭਾਅ, ਰਸਾਇਣਕ ਟੈਸਟਾਂ ਬਾਰੇ ਜਾਣਕਾਰੀ ਦੇਣਾ ਹੁੰਦਾ ਹੈ। ਫੀਡ ਮਾਲਕ ਅਤੇ ਵਿਦਿਆਰਥੀਆਂ ਦੀ ਆਪਸੀ ਵਾਰਤਾਲਾਪ ਨਾਲ ਗੁਣਕਾਰੀ ਫੀਡ ਬਾਰੇ ਕਈ ਬਰੀਕ ਪਹਿਲੂ ਹੋਰ ਸਮਝ ਆਉਂਦੇ ਹਨ। ਚਾਹ ਪੀਣ ਲੱਗੇ ਤਾਂ ਪਿਛਿਓਂ ਕਿਸੇ ਡੇਅਰੀ





ਪਾਲਕ ਦੀ ਆਵਾਜ਼ ਆਈ ਕਿ ਇਕ ਬੋਰੀ ਫੀਡ ਦੀ ਤੇ ਇਕ ਬੋਰੀ ਖਲ ਦੀ ! ਸਾਰੇ ਵਿਦਿਆਰਥੀਆਂ ਉਤਸੱਕਤਾ ਨਾਲ ਦੇਖਣ ਲਗੇ ਤਾਂ ਕਿਸਾਨ ਅਤੇ ਮਾਲਕ ਪੈਸੇ ਦਾ ਹਿਸਾਬ ਲਾਉਣ। ਪਤਾ ਲਗਾ ਕਿ ਵੜੇਵਿਆਂ ਦੀ ਖਲ ਦੀ ਬੋਰੀ (2000 ਰੁਪਏ) ਤੇ ਫੀਡ ਦੀ ਬੋਰੀ (1220 ਰੁਪਏ) ਦਾ ਸੌਦਾ ਹੋ ਰਿਹਾ ਹੈ। ਅਜੇ ਤਾਜੀ-ਤਾਜੀ ਵੱਖ-ਵੱਖ ਬੋਰੀਆਂ ਦੇ ਭਾਅ ਅਤੇ ਉਹਨਾਂ ਵਿਚਲੀ ਗੁਣਵੱਤਾ ਬਾਰੇ ਜਾਣਕਾਰੀ ਮਿਲੀ ਸੀ ਤੇ ਮੈਥੋਂ ਕਹਿ ਹੋ ਗਿਆ ਕਿ ਬਾਈ ਜੀ ! ਜੇ 1500 ਵਾਲੀ ਫੀਡ ਦੀ ਬੋਰੀ ਖਰੀਦੋਗੇ ਤਾਂ ਤੁਹਾਨੂੰ ਖਲ ਪਾਉਣ ਦੀ ਲੋੜ ਨਹੀਂ। ਮੇਰੀ ਗੱਲ ਦੀ ਪ੍ਰੋੜਤਾ ਫੀਡ ਮਾਲਕ ਨੇ ਵੀ ਕੀਤੀ। ਉਸਨੇ ਕਿਹਾ ਕਿ ਇਹ ਡਾਕਟਰ ਸਾਹਿਬ ਯੂਨੀਵਰਸਿਟੀ ਤੋਂ ਆਪਣੇ ਵਿਦਿਆਰਥੀਆਂ ਨਾਲ ਆਏ ਹਨ, ਲੰਬਾ ਪਸ਼ੂ ਖੁਰਾਕੀ ਤਜ਼ਰਬਾ ਹੈ, 1500 ਵਾਲੀ ਲੈ ਜਾਓ। ਇਕ ਪਲ ਤਾਂ ਲਗਿਆ ਕਿ ਸਾਡੀ ਗੱਲ ਮੰਨ ਗਿਆ ਪਰ ਕਹਿਣ ਲੱਗਾ ਨਹੀਂ, 1220 ਵਾਲੀ ਹੀ ਠੀਕ ਹੈ; ਪਤਾ ਨਹੀਂ 1500 ਵਾਲੀ 'ਚ ਕੀ ਪਾਇਆ ਹੋਣਾ ਹੈ ? ਉਹ ਤਾਂ 3220 ਰੁਪਏ ਦੇ ਕੇ ਚਲਾ ਗਿਆ ਪਰ ਮੈਂ ਸੋਚੀਂ ਪੈ ਗਿਆ ਕਿ ਇਸ ਡੇਅਰੀ ਪਾਲਕ ਨੂੰ 1500 ਵਾਲੀ ਬੋਰੀ ਦੀ ਗੁਣਵੱਤਾ ਤੇ ਸ਼ੱਕ ਤੇ 1220 ਵਾਲੀ ਬੋਰੀ ਦੀ ਕੁਆਲਿਟੀ ਤੇ ਯਕੀਨ ਕਿਵੇਂ ਹੋ ਸਕਦਾ ਹੈ ?

ਡੇਅਰੀ ਕਿੱਤੇ ਦੇ ਕੁਲ ਖਰਚੇ ਵਿਚ ਖੁਰਾਕ ਦਾ ਖਰਚਾ ਹੀ ਲਗਭੱਗ 60-65 ਫੀਸਦੀ ਹੁੰਦਾ ਹੈ। ਪਸ਼ੂ ਦੀ ਸੰਤੁਲਿਤ ਖੁਰਾਕ ਵਿਚ ਮੁੱਖ ਤੌਰ ਤੇਹਰਾ, ਤੂੜੀ ਦੇ ਵੰਡ ਆਉਂਦੇ ਹਨ। ਹਰ ਇਕ ਪਸ਼ੂ ਪਾਲਕ ਦਾ ਹਰਾ ਅਲੱਗ ਅਤੇ ਮਿਕਦਾਰ ਵੀ ਅਲੱਗ ਹੀ ਹੁੰਦੀ ਹੈ। ਫਿਰ ਉਸ ਹਰੇ ਦਾ ਆਚਾਰ ਬਣਾਉਣਾ ਹੈ ਕਿ ਨਹੀਂ, ਇਕ ਲਵੇਰੇ ਨੂੰ ਰੱਜਵੇਂ ਪੱਠੇ (40-45 ਕਿਲੋ ਪ੍ਰਤੀ ਦਿਨ) ਮਿਲਦੇ ਹਨ ਕਿ ਨਹੀਂ। ਸਾਲ ਵਿਚ ਚਾਰ ਮਹੀਨੇ ਅਕਤੂਬਰ-ਨਵੰਬਰ ਅਤੇ ਮਈ-ਜੂਨ 'ਚ ਚਾਰਿਆਂ ਦੀ ਥੁੜ੍ਹ ਹੁੰਦੀ ਹੈ। ਹਾੜ੍ਹੀ ਤੇ ਸਾਉਣੀ ਦੇ ਚਾਰਿਆਂ ਦੀ ਖੁਰਾਕੀ ਗੁਣਵੱਤਾ ਅਲੱਗ-ਅਲੱਗ ਹੀ ਹੁੰਦੀ ਹੈ। ਜਿੱਥੇ ਹਾੜ੍ਹੀ ਦੇਚਾਰੇ ਪ੍ਰੋਟੀਨ 'ਚ ਭਰਪੂਰ ਹੁੰਦੇ ਹਨ, ਉੱਥੇ ਉਨ੍ਹਾਂ ਵਿਚ ਨਮੀਂ ਬਹੁਤ ਜ਼ਿਆਦਾ ਹੁੰਦੀ ਹੈ। ਇਸ ਦੇ ਉਲਟ ਸਾਉਣੀ ਦੇ ਚਾਰਿਆਂ ਵਿਚ ਪ੍ਰੋਟੀਨ ਤੇ ਨਮੀਂ ਘੱਟ ਹੁੰਦੀ ਹੈ। ਜਦੋਂ ਕਟਾਈ ਲਈ ਦੇਰੀ ਹੋ ਜਾਂਦੀ ਹੈ ਤਾਂ ਕਈ ਵਾਰ ਚਾਰਿਆਂ ਦੇ ਪੱਕਣ ਸਦਕਾ ਉਨ੍ਹਾਂ ਦੀ ਖੁਰਾਕੀ ਗੁਣਵੱਤਾ ਹੋਰ ਵੀ ਘੱਟ ਜਾਂਦੀ ਹੈ।

ਲਵੇਰਿਆਂ ਦੀ ਖੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਨੂੰ ਦਾਣੇ ਜਾਂ ਵੰਡ ਦਾ ਸਹਾਰਾ ਲੈਣਾ ਪੈਂਦਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਲਵੇਰੇ ਦੇ ਭਾਰ, ਪੈਦਾਵਾਰ ਦੇ ਅਨੁਸਾਰ ਖੁਰਾਕ ਦਿਓ। ਪ੍ਰਤੀ ਦੋ ਕਿਲੋ ਦੁੱਧ-ਮੱਝ ਅਤੇ ਢਾਈ ਕਿਲੋ ਦੁੱਧ-ਗਾਂ ਮਗਰ ਇਕ ਕਿਲੋ ਫੀਡ ਦੇਣੀ ਚਾਹੀਦੀ ਹੈ। ਪਰ, ਹਰ ਇਕ ਪਸ਼ੂ ਪਾਲਕ ਦੀ ਆਪਣੀ ਹੀ ਰਵਾਇਤ ਹੈ। ਕਈ ਬਾਜ਼ਾਰੀ ਫੀਡਾਂ ਪਾਉਂਦੇ ਹਨ। ਕਈ ਫੀਡ ਮਿਲਾਂ ਤੋਂ ਆਪ ਵੰਡ ਬਣਵਾ ਕੇ ਲਿਆਉਂਦੇ ਹਨ। ਬਹੁਤੇ ਪਸ਼ੂ ਪਾਲਕ ਅਜੇ ਵੀ ਤਰਤੀਬ ਨਾਲ ਵੰਡ ਨਹੀਂ ਖੁਆਉਂਦੇ। ਪਾਉਣ ਲਗੇ ਤਾਂ ਖੱਲਾਂ ਹੀ ਪਾਈ ਜਾਂਦੇ ਹਨ ਜਾਂ ਕਦੇ ਚੋਕਰ, ਕਦੇ ਪਾਲਿਸ਼ ਜਾਂ ਕਈ ਵਾਰ ਅਨਾਜ ਹੀ ਵੱਧ ਪਾ ਦੇਂਦੇ ਹਨ। ਕਈ ਡੇਅਰੀ ਪਾਲਕ ਆਪਣੀ ਬਣਾਈ ਫੀਡ ਦੇ ਨਾਲ ਨਾਲ ਬਾਜ਼ਾਰੀ ਫੀਡਾਂ ਵੀ ਪਾਈ ਜਾਂਦੇ ਹਨ। ਪੁੱਛਣ ਤੇ ਪਤਾ ਲਗਦਾ ਹੈ ਕਿ ਆਪਣੀ ਫੀਡ ਨਾਲ ਦੁੱਧ ਘੱਟਦਾ ਹੈ ਤੇ ਬਾਜ਼ਾਰੀ ਨਾਲ ਸ਼ਰਤੀਆ ਵੱਧਦਾ ਹੈ। ਜੇ ਕਹੀਏ, ਫਿਰ ਸਾਰੀ ਬਾਜ਼ਾਰੀ ਹੀ ਵਰਤੋ, ਨਹੀਂ ਜੀ, ਫਿਰ ਲਵੇਰੇ ਲਿੱਸੇ ਹੋ ਜਾਂਦੇ ਹਨ ਤੇ ਪ੍ਰਜਨਣ ਸਮੱਸਿਆਵਾਂ ਅਲੱਗ ਤੋਂ ਆ ਜਾਂਦੀਆਂ ਹਨ। ਪਸ਼ੂ ਪਾਲਕ ਵੀ ਫੀਡ ਦੇ ਘੱਟ ਪੈਸੇ, ਵੱਧ ਉਧਾਰ ਭਾਲਦਾ ਹੈ। ਉਹ ਤਾਂ ਬੋਰੀ ਵਿਚ ਪਏ ਗਲਾਸ ਤੇ ਕੌਲੀਆਂ ਦਾ ਸ਼ਿਕਾਰ ਹੋ ਕੇ ਆਪਣਾ ਤੇ ਆਪਣੇ ਲਵੇਰਿਆਂ ਨੂੰ ਨੁਕਸਾਨ ਕਰਵਾਈ ਜਾ ਰਿਹਾ ਹੈ।

ਫੀਡ ਕੰਪਨੀਆਂ ਜਦੋਂ ਆਪਣੇ ਬਰੈਂਡ ਦੀ ਫੀਡ ਬਣਾਉਂਦੀਆਂ ਹਨ ਤਾਂ ਉਨ੍ਹਾਂ ਨੇ ਕਿਸੇ ਖਾਸ ਪਸ਼ੂ ਪਾਲਕ ਨੂੰ ਧਿਆਨ 'ਚ ਰੱਖ ਕੇ ਫੀਡ ਨਹੀਂ ਬਣਾਉਣੀ, ਉਨ੍ਹਾਂ ਨੇ ਤਾਂ ਸਰਕਾਰ ਦੁਆਰਾ ਲਾਗੂ ਕਾਨੂੰਨ ਨੂੰ ਮੱਦੇ ਨਜ਼ਰ ਰੱਖ ਕੇ ਫੀਡ ਬਣਾਉਣੀ ਹੈ। ਹੋ ਸਕਦਾ ਹੈ ਕਿਸੇ ਪਸ਼ੂ ਪਾਲਕ ਨੂੰ ਨਤੀਜੇ ਵਧੀਆ ਮਿਲਣ ਤੇ ਕਿਸੇ ਨੂੰ ਨਹੀਂ। ਜੇ ਫੀਡ ਘੱਟਾ ਕਿ, ਦਾਣੇ ਵੱਧ ਖੁਆ ਕੇ ਤਸੱਲੀ ਹੁੰਦੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਫੀਡ ਵਿਚਲੀ ਊਰਜਾ ਲੋੜ ਨਾਲੋਂ ਘੱਟ ਹੈ। ਜੇ ਫੀਡ ਘਟਾ ਕੇ, ਖੱਲ ਪਾਉਣ ਦੀ ਮਜ਼ਬੂਰੀ ਹੈ (ਸਿਰਲੇਖ) ਤਾਂ ਫੀਡ ਵਿਚਲੀ ਪ੍ਰੋਟੀਨ ਘੱਟ ਹੈ (1220 ਵਾਲੀ 'ਚ ਕੀ ਪੈ ਗਿਆ ਹੋਣਾ)। ਉੱਪਰੋਂ ਕਈ ਮਸਲੇ ਹੋਰ ਖੜੇ ਹੋਣਗੇ। ਔਸਤਨ ਫੀਡ ਵਿਚ 1.0% ਕੈਲਸ਼ੀਅਮ ਹੋਣਾ ਚਾਹੀਦਾ ਹੈ। ਵੜੇਵਿਆਂ ਅਤੇ ਸਰ੍ਹੋਂ ਦੀ ਖੱਲ ਵਿਚ ਕ੍ਰਮਵਾਰ 0.2% ਅਤੇ 0.6% ਕੈਲਸ਼ੀਅਮ ਹੁੰਦਾ ਹੈ। ਜੇਕਰ ਫੀਡ ਅਤੇ ਖੱਲਾਂ ਗੈਰ ਜ਼ਰੂਰਤੀ ਰਲਾਈਆਂ ਗਈਆਂ ਤਾਂ ਕੈਲਸ਼ੀਅਮ ਦੀ ਘਾਟ ਹੋਏਗੀ, ਇਸੇ ਸਦਕਾ ਇਕੱਲੇ ਪੰਜਾਬ ਵਿਚ ਸਾਲਾਨਾ ਪੰਜ ਕਰੋੜ ਦੀਆਂ ਕੈਲਸ਼ੀਅਮ ਪੀਪੀਆਂ ਵਿਕਦੀਆਂ ਹਨ; ਡੇਅਰੀ ਪਾਲਕਾਂ ਨੂੰ ਛੱਡ ਕੇ ਸਾਰੇ ਵਿਚੋਲੇ ਖੁਸ਼। ਇਸੇ ਤਰ੍ਹਾਂ ਫੀਡ ਵਿਚ ਫਾਸਫੋਰਸ 0.5-0.6% ਹੋਣੀ ਚਾਹੀਦੀ ਹੈ। ਵੜੇਵਿਆਂ ਅਤੇ ਸਰ੍ਹੋਂ ਦੀ ਖੱਲ ਵਿਚ 1.0% ਫਾਸਫੋਰਸ ਹੁੰਦਾ ਹੈ। ਵੱਧ ਖੱਲਾਂ ਕਾਰਨ ਫਾਸਫੋਰਸ ਵਧੇਗੀ ਅਤੇ ਕੈਲਸ਼ੀਅਮ ਸਮੇਤ ਸੂਖਮ ਤੱਤਾਂ ਦੀ ਕਮੀ ਹੋਏਗੀ। ਧਰਤੀ ਹੇਠ ਪਾਣੀ ਤਾਂ ਖਰਾਬ ਹੋਏਗਾ, ਪਰ ਵਿਚੋਲਿਆਂ ਦੀ ਚਾਂਦੀ। ਇਸ ਤਰ੍ਹਾਂ ਰੰਧਕ ਤੱਤ ਦਾ ਅਨੁਪਾਤ ਵੀ ਵਿਗੜੇਗਾ। ਲਵੇਰੇ ਇਕ ਦੋ ਮਹੀਨੇ ਬਾਅਦ ਆਪੇ ਹੀ ਦੱਸ ਦੇਣਗੇ ਕਿ ਬਾਈ ਜੀ ਸੇਵਾ ਕੁਝ ਜ਼ਿਆਦਾ ਹੀ ਹੋ ਗਈ। ਬਹੁਤੇ ਡੇਅਰੀ ਪਾਲਕ ਵੰਡ (ਫੀਡ) ਨਾਲ ਖੱਲ ਪਾ ਕੇ ਖਾਸ ਕਰਕੇ ਵੜੇਵਿਆਂ ਦੀ, ਸੰਤੁਸ਼ਟ ਹੁੰਦੇ ਹਨ ਕਿ ਦੁੱਧ ਵਿਚਲੀ ਫੈਟ ਵੱਧ ਗਈ। ਪਰ ਬਹੁਤੇ ਦੁੱਧ ਇਕੱਠਾ ਕਰਨ ਵਾਲੇ ਪਲਾਂਟ ਵੜੇਵੇਂ ਜਾਂ ਵੜੇਵਿਆਂ ਦੀ ਖੱਲ ਪਾਉਣ ਤੇ ਇਤਰਾਜ ਕਰਦੇ ਹਨ, ਕਿੱਥੇ ਦੁੱਧ ਵਿਚ ਉੱਲੀ ਨਾ ਵੱਧ ਜਾਏ। ਵੈਸੇ ਵੀ ਹੁਣ ਵੱਡੀਆਂ ਕੰਪਨੀਆਂ ਇਨਾਂ ਨਾਲ ਰਲ ਕੇ ਬਰੀਕ ਗੋਲੀਆਂ ਵਾਲੀ ਫੀਡ ਵੇਚਦੀਆਂ ਹਨ ਜਿਸ ਵਿਚ ਵੜੇਵੇਂ ਜਾਂ ਖਲ ਰਲ ਹੀ ਨਹੀਂ ਸਕਦੇ। ਇਸੇ ਕਰਕੇ ਬਹੁਤੀਆਂ ਬਾਜ਼ਾਰੀ ਫੀਡਾਂ ਕਰਕੇ ਫੈਟ ਘੱਟਦੀ ਹੈ (ਦੁੱਧ ਤਾਂ ਵਧਾ ਹੀ ਦਿੰਦੇ) ਤੇ ਪਾਲਕ ਨੂੰ ਰੇਸ਼ਾ ਭਾਵ ਛਿਲਕਾ ਪਾਉਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਤੇ ਚੋਕਰ ਅਤੇ ਵੜੇਵਿਆਂ ਦੀ ਖਲ ਇਸ ਕਰਕੇ ਖਾਸ ਪ੍ਰਸਿੱਧ ਹਨ।

ਅੱਜਕਲ, ਸਿਆਣੇ ਡੇਅਰੀ ਪਾਲਕ ਬਾਜ਼ਾਰੀ ਫੀਡ ਵਿਚ ਹੋਣ ਵਾਲੀਆਂ ਠੱਗੀਆਂ ਤੋਂ ਬਚਣ ਲਈ ਫੀਡ ਮਿੱਲ ਤੇ ਜਾ ਕੇ, ਆਪਣੇ ਫਾਰਮੂਲੇ ਮੁਤਾਬਿਕ ਆਪ ਫੀਡ

**ਬਾਕੀ ਸਫਾ 6 'ਤੇ**



----- ਬਾਕੀ ਸਫਾ 5 ਦੀ -----

# ਇੱਕ ਬੋਰੀ ਫੀਡ ਦੀ...

ਤਿਆਰ ਕਰਵਾਉਂਦੇ ਹਨ। ਲਵੇਰਿਆਂ ਲਈ ਫਾਰਮੂਲੇ ਡੇਅਰੀ ਨਾਲ ਸਬੰਧਤ ਕਿਤਾਬਾਂ ਵਿਚ ਲਿਖੇ ਹੁੰਦੇ ਹਨ। ਇਨ੍ਹਾਂ ਫਾਰਮੂਲਿਆਂ ਨੂੰ ਬਹੁਤ ਸੂਝਵਾਨ ਲੇਖਕਾਂ ਨੇ ਆਪਣੇ ਤਜ਼ਰਬੇ ਦੇ ਆਧਾਰ ਤੇ ਬਣਾਇਆ ਹੁੰਦਾ ਹੈ। ਉਸ ਵਿਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਜਿਣਸਾਂ ਦਾ ਭਾਅ ਪਤਾ ਹੋਣਾ ਚਾਹੀਦਾ ਹੈ। ਵੰਡ ਵਿਚ ਪਾਏ ਜਾਣ ਵਾਲੇ ਅਨਾਜ, ਖੱਲਾਂ, ਪਾਲਿਸ਼ ਆਦਿ ਦੀ ਕੁਆਲਿਟੀ ਦੀ ਪਰਖੀ ਹੋਣੀ ਚਾਹੀਦਾ ਹੈ। ਇਕ ਫੀਡ ਮਿਲਰ ਕੋਲ 2-3 ਕਿਸਮ ਦੀ ਮੱਕੀ, 2-3 ਕਿਸਮ ਦੀ ਸਰ੍ਹੋਂ ਖੱਲ, ਵੜੇਵਿਆਂ ਦੀ ਖੱਲ (ਕੱਚੀ ਪੱਕੀ) ਆਦਿ ਰੱਖੀਆਂ ਹੁੰਦੀਆਂ ਹਨ। ਹਮੇਸ਼ਾਂ ਭਾਅ ਨਾਲੋਂ ਗੁਣਵੱਤਾ ਨੂੰ ਪਹਿਲ ਦੇਣੀ ਚਾਹੀਦੀ ਹੈ। ਮੱਕੀ ਦਾ ਦਾਣਾ ਵੱਡਾ, ਸੁਸਰੀ ਤੇ ਉੱਲੀ ਰਹਿਤ ਹੋਣਾ ਚਾਹੀਦਾ ਹੈ। ਇਸ ਵਿਚ ਨਮੀਂ ਦਾ ਪਤਾ ਚੱਬ ਕੇ ਚਲ ਜਾਂਦਾ ਹੈ। ਖੱਲਾਂ ਗਾੜ੍ਹੇ ਭੂਰੇ ਰੰਗ ਦੀਆਂ ਚਾਹੀਦੀਆਂ ਹਨ। ਪਾਪੜੀਆਂ ਖੱਲ ਦੋਹਾਂ ਉਂਗਲਾਂ ਵਿਚਾਲੇ ਰੱਖ ਕੇ ਅੰਗੂਠੇ ਨਾਲ ਆਸਾਨੀ ਨਾਲ ਟੁੱਟਣੀ ਚਾਹੀਦੀ ਹੈ। ਜਿੰਨੀਆਂ ਵੀ ਬਗੈਰ ਤੇਲ ਵਾਲੀਆਂ ਖੱਲਾਂ ਹੋਣ ਉਨ੍ਹਾਂ ਵਿਚ ਰੇਤੇ ਦੀ, ਛਿੱਲਕੇ ਦੀ ਮਿਲਾਵਟ ਨਾ ਹੋਵੇ। ਚੂਰੀਆਂ ਵਿਚ ਵੀ ਛਿਲਕਿਆਂ ਦੀ ਮਿਲਾਵਟ ਨਾ ਹੋਵੇ। ਬਿਨੌਲਾ ਖੱਲ ਨੂੰ ਤੋੜਨ ਤੇ ਆਸਾਨੀ ਨਾਲ ਟੁੱਟ ਜਾਏ ਤੇ ਟੁੱਟਦਿਆਂ ਵਿਚਾਲਿਓਂ ਰੇਸ਼ੇ ਦਿਖਦੇ ਹੋਣ। ਪਾਲਿਸ਼ ਵਿਚ ਵੀ ਕੋਈ ਕਿਰਕੀ ਨਾ ਹੋਵੇ। ਪਾਲਿਸ਼ ਨੂੰ ਹਥੇਲੀ ਵਿਚ ਦਬਾਉਣ ਤੇ ਉਂਗਲਾਂ ਛੱਪਣ। ਜੇ ਭਾਅ ਕਰਕੇ ਕੁਆਲਿਟੀ ਨੂੰ ਨਜ਼ਰ ਅੰਦਾਜ਼ ਕਰੋਗੇ ਤਾਂ ਲਵੇਰਿਆਂ ਨੇ ਆਪੇ ਹੀ 10-15 ਦਿਨਾਂ ਬਾਅਦ ਦੁੱਧ ਘਟਾ ਦੇਣਾ ਹੈ।

ਅੱਜ ਕੱਲ੍ਹ ਬਾਜ਼ਾਰ ਵਿਚ ਕਈ ਕਿਸਮ ਦੇ ਧਾਤਾਂ ਤੇ ਚੂਰੇ, ਚੀਲੇਟਡ ਧਾਤਾਂ, ਟ੍ਰੇਸ ਮਿਨਰਲ, ਬਾਈ ਪਾਸ ਫੈਟਾਂ ਅਤੇ ਕਈ ਕਿਸਮ ਦੇ ਬਫਰ ਆਦਿ ਮਿਲਦੇ ਹਨ। ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਵਿਚਲੇ ਮਿਆਰ, ਕੁਆਲਿਟੀ, ਕਿੰਨੀ ਮਾਤਰਾ ਵਿਚ ਪਾਉਣਾ ਹੈ; ਚੰਗੀ ਤਰ੍ਹਾਂ ਪੜ੍ਹ ਲਓ, ਵਿਚਾਰ ਕਰੋ ਜਾਂ ਸਲਾਹ ਲਵੋ। ਇਨ੍ਹਾਂ ਦੀ ਵਰਤੋਂ ਕਰਨ ਦੀ ਤਾਰੀਖ ਅਤੇ ਕੀਮਤ ਦਾ ਵੀ ਧਿਆਨ ਰੱਖੋ। ਹੋ ਸਕੇ ਤਾਂ ਨਮਕ ਆਇਓਡਾਈਜ਼ਡ ਹੀ ਵਰਤੋਂ ਤਾਂ ਕਿ ਜਾਨਵਰ ਵਕਤ ਸਿਰ ਹੇਹੇ ਵਿਚ ਆਏ ਤੇ ਆਇਓਡੀਨ ਦੇ ਟੀਕੇ ਨਾ ਲੁਆਣੇ ਪੈਣ ਪਦਾਰਥ ਸਿੱਧੇ ਮਿਕਸਚਰ 'ਚ ਨਹੀਂ ਪਾਉਣੇ ਚਾਹੀਦੇ। ਮੱਕੀ ਜਾਂ ਪਾਲਿਸ਼ ਆਦਿ 8-10 ਕਿਲੋ ਲੈ ਕੇ ਉਸ ਵਿਚ ਸਾਰੇ ਲੋੜੀਂਦੇ ਸੂਖਮ ਪਦਾਰਥ ਰਲਾ ਕੇ ਮਿਕਸਚਰ ਵਿਚ ਪਾਏ ਜਾਣੇ ਚਾਹੀਦੇ ਹਨ। ਇਸ ਵਿਧੀ ਨੂੰ ਅੰਗਰੇਜ਼ੀ ਵਿਚ ਪ੍ਰੀਮਿਕਸ ਕਿਹਾ ਜਾਂਦਾ ਹੈ। ਟਾਕਸਿਨ ਬਾਈਂਡਰ ਨੂੰ ਅਲੱਗ ਤੋਂ ਮਿਲਾਉਣਾ ਚਾਹੀਦਾ ਹੈ। ਸ਼ੀਰਾ ਵੀ ਸਾਰੇ ਦਾ ਸਾਰਾ ਇੱਕੋ ਵੇਲੇ ਨਹੀਂ ਪਾਉਣਾ ਚਾਹੀਦਾ। ਜਦ ਤੁਹਾਡੀ ਫੀਡ ਚਲਈ ਜਾ ਰਹੀ ਹੈ ਤਾਂ ਲੋੜੀਂਦੀ ਮਾਤਰਾ ਆਹਿਸਤਾ ਆਹਿਸਤਾ ਰਲਾਉਣੀ ਚਾਹੀਦੀ ਹੈ। ਧਿਆਨ ਰੱਖੋ! ਜਦ ਵੀ ਕੋਈ ਆਖੀਰਲੀ ਜਿਣਸ ਮਿਕਸਚਰ ਵਿਚ ਪੈਂਦੀ ਹੈ ਤਾਂ ਉਸ ਤੋਂ ਬਾਅਦ ਮਿਕਸਚਰ 7-8 ਮਿੰਟ ਚੱਲਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਰੀਆਂ ਜਿਣਸਾਂ ਚੰਗੀ ਤਰ੍ਹਾਂ ਰਲ ਜਾਣਗੀਆਂ। ਜਿਹੜੀਆਂ ਖਾਲੀ ਬੋਰੀਆਂ ਤੁਸੀਂ ਆਪਣੀਆਂ ਲੈ ਕੇ ਆਉਂਦੇ ਹੋ ਉਹ ਫਟੀਆਂ ਨਹੀਂ ਹੋਣੀਆਂ ਚਾਹੀਦੀਆਂ। ਬੋਰੀਆਂ ਨਮੀਂ, ਉੱਲੀ ਅਤੇ ਸੁਸਰੀ ਰਹਿਤ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਧੁੱਪੇ ਚੰਗੀ ਤਰ੍ਹਾਂ ਸੁਕਾ ਕੇ ਲਿਆਉਣਾ ਚਾਹੀਦਾ ਹੈ। ਟਾਟ ਦੀਆਂ ਬੋਰੀਆਂ ਮਹਿੰਗੀਆਂ ਹੋਣ ਦੇ ਨਾਲ-ਨਾਲ ਜ਼ਿਆਦਾ ਤਰ ਫੀਡ ਮਿੱਲ ਤੇ ਚੌਲਾਂ ਦੇ ਡੀ.ਓ.ਸੀ. ਦੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਉੱਲੀ ਅਤੇ ਸੁਸਰੀ ਦਾ ਖਤਰਾ ਬਣਿਆ ਰਹਿੰਦਾ ਹੈ। ਅੱਜ ਇਕ ਖਾਲੀ ਬੋਰੀ ਦੀ ਕੀਮਤ 20-22 ਰੁਪਏ ਹੈ, ਇਨ੍ਹਾਂ ਨੂੰ ਸੰਭਾਲ ਕੇ ਰੱਖੋ। ਬੋਰੀਆਂ ਨੂੰ ਦੀਵਾਰਾਂ ਤੋਂ ਦੂਰ ਅਤੇ ਲੱਕੜਾਂ ਦੇ ਕਰੇਟਾਂ ਤੇ ਰੱਖੋਂ ਤਾਂ ਕਿ ਉੱਲੀ ਨਾ ਆਏ ਤੇ ਹਵਾ ਦਾ ਨਿਕਾਸ ਠੀਕ ਰਹੇ।

ਫੀਡ ਬਣਾਉਣ ਵੇਲੇ ਹੋ ਰਹੇ ਧੋਖਿਆਂ ਤੋਂ ਬਚੋ। ਮੱਕੀ ਆਮ ਤੌਰ ਤੇ ਪੀਸੀ ਪੀਸਾਈ ਮਿਲਦੀ ਹੈ। ਸਾਬਤ ਮੱਕੀ ਦੀ ਇਕ ਬੁੱਕ ਵਿੱਚੋਂ ਜੇ ਇਕ ਦਾਣਾ ਵੀ ਕਾਲਾ ਹੈ ਤਾਂ ਉਸ ਬੋਰੀ ਵਿਚ ਕਿੰਨ੍ਹੇ ਦਾਣੇ ਕਾਲੇ ਹੋ ਸਕਦੇ ਹਨ ਤੇ ਤੁਸੀਂ ਕਿੰਨੀਆਂ ਬੋਰੀਆਂ ਮੱਕੀ ਦੀਆਂ ਵਰਤਣੀਆਂ ਹਨ। ਆਪਣੇ ਸਾਹਮਣੇ ਦਾਣਿਆਂ ਨੂੰ ਪਿਸਾਓ। ਸਾਬਤ ਦਾਣਿਆਂ ਤੋਂ ਹੀ ਸੁਸਰੀ, ਨਮੀਂ ਦਾ ਪਤਾ ਲਾਇਆ ਜਾ ਸਕਦਾ ਹੈ। ਬਿਨ੍ਹਾਂ ਤੇਲ ਰਾਈਸ ਬਰਾਨ ਦੀ ਥਾਂ ਫੱਕ ਦੀ ਮਿਲਾਵਟ ਹੋ ਸਕਦੀ ਹੈ। ਡੁਪਲੀਕੇਟ ਖੱਲਾਂ ਦੀ ਵਰਤੋਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਪੀਸਾਈ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ। ਅਨਾਜਾਂ ਦਾ ਆਕਾਰ 3-4 ਮਿ.ਮੀ. ਦਾ ਹੋਣਾ ਚਾਹੀਦਾ ਹੈ। ਜੇ ਫੀਡ ਵਿਚਲਾ ਮੱਕੀ ਦਾ ਦਾਣਾ ਹਥੇਲੀ ਤੇ ਰੱਖਿਆ ਦਿਖਦਾ ਹੈ ਤਾਂ ਉਹ ਗੋਹੇ ਵਿਚ ਵੀ ਦਿਖੇਗਾ। ਅਕਸਰ ਮੱਕੀ ਨਮੀ ਵਾਲੀ ਹੁੰਦੀ ਹੈ ਜੇ ਮਿੱਲ ਵਿਚੋਂ ਕੱਢਦੇ ਹਾਂ ਤਾਂ ਜਾਲੀਆਂ ਵਿਚ ਫੱਸਦੀ ਹੈ। ਇਸੇ ਕਰਕੇ ਬਹੁਤੇ ਫੀਡ ਨਿਰਮਾਤਾਵਾਂ ਨੇ ਅਲੱਗ ਤੋਂ ਚੱਕੀਆਂ ਲਾਈਆਂ ਹੋਣੀਆਂ ਹਨ। ਖੱਲਾਂ ਆਦਿ ਦੀ ਪਿਸਾਈ 5-6 ਮਿ.ਮੀ. ਦੇ ਆਕਾਰ ਦੀ ਹੋ ਸਕਦੀ ਹੈ। ਇਸੇ ਤਰ੍ਹਾਂ ਸਾਬਤ ਵੜੇਵਿਆਂ ਨੂੰ ਭਿਉਣ ਦੀ ਥਾਂ ਜੇ ਥੋੜ੍ਹਾ ਦਰੜ (ਤੋੜ) ਲਿਆ ਜਾਏ ਤਾਂ ਬਹੁਤ ਗੁਣਕਾਰੀ ਹੋਵੇਗਾ। ਅੱਜ ਕੱਲ੍ਹ ਫੁੱਲ ਫੈਟ ਸੋਇਆ ਵਿਚ ਗੁਆਰ ਕੋਰਮਾ, ਮੱਕੀ ਦਾ ਗਲੂਟਨ ਵੀ ਰਲਾ ਕੇ ਵੇਚਿਆ ਜਾਂਦਾ ਹੈ। ਮੂੰਗਫਲੀ ਦੀ ਖੱਲ ਦੇ ਸਰ੍ਹੋਂ ਦੀ ਖੱਲ ਤੇ ਯੂਰੀਆ, ਫਾਰਮਲਿਨ ਦਾ ਸਪਰੇਅ ਕੀਤਾ ਜਾਂਦਾ ਹੈ। ਸਰਕਾਰ ਦੁਆਰਾ ਬਾਜ਼ਾਰੀ ਫੀਡਾਂ ਅਤੇ ਖੱਲਾਂ ਦੇ ਗ੍ਰੇਡ ਅਨੁਸਾਰ ਮਾਪਦੰਡ ਨਿਸ਼ਚਤ ਕੀਤੇ ਹੋਏ ਹਨ, ਜੋ ਕਿ ਸੂਚੀ ਨੰਬਰ 1 ਵਿਚ ਦਰਸਾਏ ਗਏ ਹਨ। ਕਿਸੇ ਵੀ ਜਿਣਸ ਨੂੰ ਮਿਆਰੀ ਪ੍ਰਮਾਣ ਲਈ ਘੱਟੋ ਘੱਟ ਪੰਜ ਮਾਪਾਂ ਚੋਂ ਗੁਜ਼ਰਨਾ ਪੈਂਦਾ ਹੈ।

**ਸੂਚੀ ਨੰ. 1 : ਬਾਜ਼ਾਰੀ ਫੀਡ, ਵੜੇਵਿਆਂ ਅਤੇ ਸਰ੍ਹੋਂ ਦੀ ਖੱਲਾਂ ਦੇ ਮਾਪਦੰਡ**

| ਨੰ. | ਮਾਪ (%) | ਬਾਜ਼ਾਰੀ ਫੀਡ | | ਵੜੇਵਿਆਂ ਦੀ ਖੱਲ | | ਸਰ੍ਹੋਂ ਦੀ ਖੱਲ | |
|---|---|---|---|---|---|---|---|
| | | I | II | I | II | I | II |
| 1. | ਨਮੀਂ | 11 | 11 | 8 | 8 | 10 | 10 |
| 2. | ਪ੍ਰੋਟੀਨ | 22 | 20 | 24 | 20 | 35 | 37 |
| 3. | ਥੈਲ | 4 | 3 | 7 | 5 | 8 | 5 |
| 4. | ਰੇਸ਼ਾ | 10 | 12 | 22 | 26 | 12 | 15 |
| 5. | ਰੇਤਾ/ਸਿਲੀਕਾ | 2.5 | 3.0 | 2 | 2.5 | 2 | 2.5 |

ਆਪਣੇ ਲਵੇਰਿਆਂ ਤੋਂ ਵੱਧ ਪੈਦਾਵਾਰ ਲੈਣ ਲਈ ਉਨ੍ਹਾਂ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਲੋੜ ਤੋਂ ਘੱਟ ਤੱਤ ਦੇਣ ਨਾਲ ਘਾਟ ਤਾਂ ਆਉਂਦੀ ਹੈ, ਪਰ ਜੇ ਲੋੜ ਤੋਂ ਵੱਧ ਖੁਰਾਕੀ ਤੱਤ ਪਾਏ ਜਾਣ ਤਾਂ ਵੀ ਜਾਨਵਰ ਦੀ ਸਿਹਤ ਖਰਾਬ ਹੁੰਦੀ ਹੈ ਤੇ ਮਾਲੀ ਨੁਕਸਾਨ ਅਲੱਗ। ਜੇ ਖੱਲ ਵੱਧ ਪੈ ਜਾਏ ਤਾਂ ਖਰੇਪਨ ਦੀ ਮੁਸ਼ਕਲ ਹੋ ਸਕਦੀ ਹੈ। ਸਾਲ ਵਿਚ ਘੱਟੋ ਘੱਟ ਦੋ ਵਾਰੀ ਆਪਣੀ ਫੀਡ/ਖੱਲ ਜ਼ਰੂਰ ਟੈਸਟ ਕਰਵਾਓ। ਜੇ ਤੂੜੀ ਵੱਧ ਪੈ ਜਾਏ ਤਾਂ ਬੰਨ੍ਹ ਪੈ ਸਕਦਾ ਹੈ। ਰਾਈਸ ਪਾਲਿਸ਼ ਵੱਧ ਜਾਣ ਨਾਲ ਫੈਟ ਵੱਧਣ ਦੀ ਬਜਾਏ ਘੱਟ ਸਕਦੀ ਹੈ। ਪੀਪੀਆਂ ਜ਼ਿਆਦਾ ਪਿਆਓਣ ਨਾਲ ਲਹੂ ਮੂਤਣ ਦੀ ਬਿਮਾਰੀ ਹੋ ਸਕਦੀ ਹੈ।

ਅਕਸਰ ਅਸੀਂ ਪੁਰਾਣੀ ਫੀਡ ਦੇ ਖਤਮ ਹੋਣ ਦਾ ਇੰਤਜ਼ਾਰ ਕਰਦੇ ਹਾਂ ਤੇ ਅਚਾਨਕ ਨਵੀਂ ਫੀਡ ਸ਼ੁਰੂ ਕਰ ਦਿੰਦੇ ਹਾਂ। ਇਸ ਤਰ੍ਹਾਂ ਕਰਨ ਨਾਲ ਕਈ ਵਾਰ ਲਵੇਰੇ ਵੰਡ ਨਹੀਂ ਖਾਂਦੇ। ਪੁਰਾਣੀ ਫੀਡ ਦੇ ਖਤਮ ਹੋਣ ਤੋਂ 3-4 ਦਿਨ ਪਹਿਲਾਂ ਨਵੀਂ ਫੀਡ ਬਣ ਜਾਣੀ ਚਾਹੀਦੀ ਹੈ। ਨਵੀਂ ਫੀਡ ਦੀ ਮਾਤਰਾ ਇਕ ਤਿਹਾਈ ਤੇ ਪੁਰਾਣੀ ਫੀਡ ਦੀ ਮਾਤਰਾ ਦੋ ਤਿਹਾਈ ਤੋਂ ਸ਼ੁਰੂ ਕਰਕੇ 3-4 ਦਿਨਾਂ ਬਾਅਦ ਪੁਰਾਣੀ ਫੀਡ ਖਤਮ ਤੇ ਨਵੀਂ ਸਾਰੀ ਦੀ ਸਾਰੀ ਵਰਤੋਂ ਵਿਚ ਲਿਆਉਣੀ ਚਾਹੀਦੀ ਹੈ। ਕਈ ਵਾਰ ਫਾਰਮੂਲੇ ਵਿਚ ਨਵੀਂ ਜਿਣਸ ਆ ਗਈ, ਕੋਈ ਖਰਾਬ ਆ ਗਈ, ਅਨਾਜ ਵੱਧ ਘੱਟ ਗਿਆ ਤਾਂ ਅਕਸਰ ਲਵੇਰੇ ਵੰਡ ਛੱਡ ਦਿੰਦੇ ਹਨ। ਇਸੇ ਤਰ੍ਹਾਂ ਜੇ ਸਰ੍ਹੋਂ ਖੱਲ ਜ਼ਿਆਦਾ ਹੋ ਜਾਏ; ਗੁਆਰ ਕੋਰਮੇ ਤੇ ਲਵੇਰੇ ਰਿੱਝੇ ਨਹੀਂ; ਬਾਈਪਾਸ ਫੈਟ, ਰਾਈਸ ਪਾਲਿਸ਼ ਅਤੇ ਸ਼ੀਰੇ ਦੀ ਕੁਆਲਿਟੀ ਸਹੀ ਨਹੀਂ ਤਾਂ ਵੀ ਖਾਣ ਦੀ ਸਮੱਸਿਆ ਆ ਸਕਦੀ ਹੈ। ਯੂਰੀਏ ਵਾਲੀ ਫੀਡ ਨੂੰ ਜੇ ਗਿੱਲਾ ਕਰਕੇ ਪਾਇਆ ਤਾਂ ਵੀ ਲਵੇਰੇ ਫੀਡ ਨਹੀਂ ਖਾਣਗੇ।

ਪਸ਼ੂ ਪਾਲਕੋ! ਸਭ ਤੋਂ ਪਹਿਲਾਂ ਤੁਸੀਂ ਆਪਣੀ ਸਹੂਲਤ ਦੇਖਣੀ ਹੈ। ਜੇ ਲਵੇਰੇ ਆਸ ਮੁਤਾਬਿਕ ਦੁੱਧ ਦੇ ਰਹੇ ਹਨ, ਉਨ੍ਹਾਂ ਦੀ ਫੈਟ/ਗਰੈਵਿਟੀ ਤਸੱਲੀਬਖ਼ਸ਼ ਹੈ, ਕੋਈ ਖਾਸ ਪ੍ਰਜਨਣ ਸਮੱਸਿਆ, ਲੇਵੇ ਦੀ ਸੋਜ ਆਦਿ ਨਹੀਂ ਹੈ ਅਤੇ ਤੁਸੀਂ ਬਾਜ਼ਾਰੀ ਫੀਡ ਵਰਤ ਰਹੇ ਹੋ ਤਾਂ ਅਸੀਂ ਕਹਿ ਸਕਦੇ ਹਾਂ ਕਿ ਹੋਰ ਕੀ ਚਾਹੀਦਾ ਹੈ। ਵਧੀਆ, ਗੁਣਕਾਰੀ ਫੀਡ ਸਦਕਾ ਕਈ ਧੋਖਿਆਂ ਤੋਂ ਬਚ ਸਕਦੇ ਹੋ। ਪਰ ਜੇ ਬਾਜ਼ਾਰੀ ਫੀਡ ਦੇ ਨਾਲ-ਨਾਲ ਪਲਿਓਂ ਅਨਾਜ, ਖੱਲ੍ਹਾਂ, ਧਾਤਾਂ ਦੇ ਚੂਰੇ ਪਾਉਂਦੇ ਹੋ ਕੀ ਪਤਾ ਚਲ੍ਹ ਕਿ ਤੁਹਾਡੇ ਲਵੇਰੇ ਬਾਜ਼ਾਰੀ ਫੀਡ ਕਰਕੇ ਜਾਂ ਤੁਹਾਡੇ ਯਤਨਾਂ ਸਦਕਾ ਵੱਧ ਪੈਦਾਵਾਰ ਦੇ ਰਹੇ ਹਨ। ਜੇ ਅਨਾਜ/ਖੱਲਾਂ ਘਰ ਦੀਆਂ ਹੀ ਪਾਉਣੀਆਂ ਹਨ ਤਾਂ ਚੋਕਰ ਤੇ ਧਾਤਾਂ ਦੇ ਚੂਰੇ ਲੈ ਕੇ ਆਪਣੀ ਫੀਡ ਆਪ ਹੀ ਘਰੇ ਤਿਆਰ ਕਰੋ, ਇਹ ਬਾਜ਼ਾਰੀ ਨਜ਼ਰਬੱਟੂ ਕਿਉਂ? ਪਰ ਜੇ ਤੁਸੀਂ ਆਪਣਾ ਫਾਰਮੂਲਾ ਦੇ ਕੇ ਫੀਡ ਬਣਵਾਉਂਦੇ ਹੋ ਤਾਂ ਤੁਹਾਨੂੰ ਮੌਸਮ, ਜਿਣਸਾਂ ਦੀ ਉਪਲੱਬਤਾ ਤੇ ਨਿਰਭਰ ਨਵਾਂ ਰੇਟ ਲੱਗਦਾ ਹੈ। ਜਿਣਸਾਂ ਦੇ ਮਿਆਰ, ਉਨ੍ਹਾਂ ਦੀ ਪਿਸਾਈ, ਰਲਾਈ ਦਾ ਧਿਆਨ ਤੁਸੀਂ ਰੱਖਣਾ ਹੈ। ਤੁਹਾਨੂੰ ਵਧੀਆ ਅਤੇ ਸੰਤੁਲਿਤ ਵੰਡ (ਫੀਡ) ਨਾਲ ਰੱਜਵਾਂ ਹਰਾ ਚਾਰਾ ਤੇ 1-2 ਕਿਲੋ ਤੂੜੀ ਤੋਂ ਇਲਾਵਾ ਹੋਰ ਕੁਝ ਪਾਉਣ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ। ਰੱਬ ਰਾਖਾ!

----- ਬਾਕੀ ਸਫਾ 3 ਦੀ -----

# ਗਰਮ ਰੁੱਤ ਦੀਆਂ ਦਾਲਾਂ ਉਗਾਓ...

'ਤੇ ਕਰਨੀ ਚਾਹੀਦੀ ਹੈ। ਮੂੰਗੀ ਦੀ ਬਿਜਾਈ ਜ਼ੀਰੋ ਟਿਲ ਡਰਿੱਲ ਜਾਂ ਪੀ ਏ ਯੂ ਹੈਪੀ ਸੀਡਰ ਨਾਲ ਵੀ ਕੀਤੀ ਜਾ ਸਕਦੀ ਹੈ। ਚੰਗੀ ਪੈਦਾਵਾਰ ਲਈ ਮੂੰਗੀ ਅਤੇ ਮਾਂਹ ਲਈ ਪੌਦੇ ਤੋਂ ਪੌਦੇ ਦੀ ਦੂਰੀ ਕ੍ਰਮਵਾਰ 7 ਸੈਂਟੀਮੀਟਰ ਅਤੇ 4-5 ਸੈਂਟੀਮੀਟਰ ਹੋਣੀ ਚਾਹੀਦੀ ਹੈ।



ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਫਸਲ ਨੂੰ ਬਰਸਾਤ ਦੇ ਨੁਕਸਾਨ ਤੋਂ ਬਚਾਉਣ ਲਈ ਕਣਕ ਦੇ ਬੈੱਡ ਪਲਾਂਟਰ ਦੀ ਵਰਤੋਂ ਕਰਤੇ ਮੂੰਗੀ ਦੀ ਬਿਜਾਈ 67.5 ਦੀ ਵਿੱਥ (37.5 ਸੈਂਟੀਮੀਟਰ ਬੈੱਡ ਅਤੇ 30 ਸੈਂਟੀਮੀਟਰ ਦੀ ਖਾਲੀ) ਤੇ ਤਿਆਰ ਕੀਤੇ ਬੈੱਡਾਂ 'ਤੇ ਵੀ ਕੀਤੀ ਜਾ ਸਕਦੀ ਹੈ। ਇਸ ਢੰਗ ਲਾਲ ਬੈੱਡ 'ਤੇ 20 ਸੈਂਟੀਮੀਟਰ ਦੀ ਦੂਰੀ 'ਤੇ ਫਸਲ ਦੀਆਂ ਦੋ ਕਤਾਰਾਂ ਬੀਜੀਆਂ ਜਾਂਦੀਆਂ ਹਨ। ਬੈੱਡਾਂ ਦੀ ਸਿੰਚਾਈ ਕਰਦੇ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਪਾਣੀ ਬੈੱਡ ਉੱਪਰੋਂ ਨਾ ਵਗੇ। ਇਸ ਵਿਧੀ ਨਾਲ ਲਗਭਗ 20-30% ਪਾਣੀ ਦੀ ਬੱਚਤ ਹੁੰਦੀ ਹੈ ਅਤੇ ਪੱਧਰੀ ਬੀਜਾਈ ਤੇ ਮੁਕਾਬਲੇ ਤਕਰੀਬਨ 10% ਝਾੜ ਵਿਚ ਵਾਧਾ ਹੁੰਦਾ ਹੈ।

**ਖਾਦ ਪ੍ਰਬੰਧਨ** : ਖਾਦਾਂ ਨੂੰ ਹਮੇਸ਼ਾਂ ਮਿੱਟੀ ਪਰਖ ਦੇ ਆਧਾਰ 'ਤੇ ਪਾਉਣਾ ਚਾਹੀਦਾ ਹੈ। ਦਰਮਿਆਨੀਆਂ ਜ਼ਮੀਨਾਂ ਵਿਚ ਮੂੰਗੀ ਨੂੰ 11 ਕਿਲੋ ਯੂਰੀਆ ਦੇ ਨਾਲ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਅਤੇ ਮਾਂਹ ਨੂੰ 11 ਕਿਲੋ ਯੂਰੀਆ ਦੇ ਨਾਲ 60 ਕਿਲੋ ਸੁਪਰਫਾਸਫੇਟ ਪਾਉਣੀ ਚਾਹੀਦੀ ਹੈ। ਸਾਰੀਆਂ ਖਾਦਾਂ ਬਿਜਾਈ ਸਮੇਂ ਪਾਉਣੀਆਂ ਚਾਹੀਦੀਆਂ ਹਨ। ਆਲੂ ਤੋਂ ਬਾਅਦ ਬੀਜੀ ਮੂੰਗੀ ਨੂੰ ਖਾਦ ਪਾਉਣ ਦੀ ਲੋੜ ਨਹੀਂ ਹੁੰਦੀ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਢੁੱਕਵੀਂ ਰੋਕਥਾਮ ਜ਼ਰੂਰੀ ਹੈ ਕਿਉਂਕਿ ਇਹ ਖੁਰਾਕੀ ਤੱਤਾਂ, ਰੌਸ਼ਨੀ, ਨਮੀਂ ਅਤੇ ਜਗ੍ਹਾ ਲਈ ਫਸਲਾਂ ਦਾ ਮੁਕਾਬਲਾ ਕਰਦੇ ਹਨ। ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ 4 ਹਫਤਿਆਂ ਬਾਅਦ ਅਤੇ ਲੋੜ ਪੈਣ 'ਤੇ ਦੂਜੀ ਗੋਡੀ ਬਿਜਾਈ ਤੋਂ 6 ਹਫਤੇ ਬਾਅਦ ਕਰਨੀ ਚਾਹੀਦੀ ਹੈ।

**ਸਿੰਚਾਈ** : ਮੌਸਮ ਅਤੇ ਮਿੱਟੀ ਦੀ ਪਾਣੀ ਸੰਭਾਲਣ ਦੀ ਸਮਰੱਥਾ ਦੇ ਆਧਾਰ 'ਤੇ ਗਰਮ ਰੁੱਤ ਦੌਰਾਨ ਤਿੰਨ ਤੋਂ ਪੰਜ ਸਿੰਚਾਈਆਂ ਦੀ ਲੋੜ ਹੁੰਦੀ ਹੈ। ਪਹਿਲੀ ਸਿੰਚਾਈ ਬਿਜਾਈ ਤੋਂ 25 ਦਿਨਾਂ ਬਾਅਦ ਕਰਨੀ ਚਾਹੀਦੀ ਹੈ। ਵੱਧ ਝਾੜ ਅਤੇ ਫਲੀਆਂ ਦੇ ਇਕਸਾਰ ਪਕਾਈ ਲਈ, ਗਰਮ ਰੁੱਤ ਦੀਆਂ ਦਾਲਾਂ ਨੂੰ ਬਿਜਾਈ ਤੋਂ ਲਗਭਗ 55 ਅਤੇ 60 ਦਿਨਾਂ ਬਾਅਦ ਆਖਰੀ ਸਿੰਚਾਈ ਬੰਦ ਕਰ ਦੇਣੀ ਚਾਹੀਦੀ ਹੈ। ਮੱਕੀ-ਕਣਕ-ਗਰਮ ਰੁੱਤ ਦੀ ਮੂੰਗੀ ਵਿਚ ਧਰਤੀ ਦੀ ਸਤ੍ਹਾ ਹੇਠ ਤੁਪਕਾ ਸਿੰਚਾਈ ਸਿਸਟਮ ਨਾਲ ਵੀ ਸਿੰਚਾਈ ਕੀਤੀ ਜਾ ਸਕਦੀ ਹੈ।

**ਕੀੜੇ-ਮਕੌੜਿਆਂ ਦੀ ਰੋਕਥਾਮ** : ਗਰਮ ਰੁੱਤ ਦੀਆਂ ਦਾਲਾਂ ਉੱਪਰ ਮੁੱਖ ਤੌਰ 'ਤੇ ਫਲੀ ਛੇਦਕ ਸੁੰਡੀ ਅਤੇ ਤੰਬਾਕੂ ਸੁੰਡੀ ਦਾ ਹਮਲਾ ਹੁੰਦਾ ਹੈ, ਜੋ ਫਸਲ ਨੂੰ ਕਾਫੀ ਨੁਕਸਾਨ ਪਹੁੰਚਾਉਂਦੇ ਹਨ। ਫਲੀ ਛੇਦਕ ਸੁੰਡੀਆਂ ਫਿੱਕੇ ਹਰੇ, ਪੀਲੇ, ਭੂਰੇ ਜਾਂ ਕਾਲੇ ਰੰਗ ਦੇ ਹੁੰਦੀਆਂ ਹਨ ਜੋ ਕਿ ਪੱਤਿਆਂ, ਫੁੱਲਾਂ, ਡੰਡੀਆਂ ਅਤੇ ਫਲੀਆਂ ਵਿਚਲੇ ਬੀਜਾਂ ਨੂੰ ਖਾਂਦੀਆਂ ਹਨ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫਲੀਆਂ ਵਿਚ ਮੋਰੀਆਂ ਅਤੇ ਬੂਟਿਆਂ ਹੇਠਾਂ ਗੂੜ੍ਹੇ ਹਰੇ ਰੰਗ ਦੀਆਂ ਵਿੱਠਾਂ ਤੋਂ ਲਗਦਾ ਹੈ। ਫਸਲ ਦਾ ਨਿਯਮਤ ਸਰਵੇਖਣ ਕਰਨਾ ਚਾਹੀਦਾ ਹੈ ਅਤੇ ਹਮਲੇ ਦੀ ਸੂਰਤ ਵਿਚ ਮਾਹਿਰਾਂ ਦੀ ਸਲਾਹ ਅਨੁਸਾਰ ਇਸ ਦਾ ਪ੍ਰਬੰਧਨ ਕਰਨਾ ਚਾਹੀਦਾ ਹੈ।

**ਬੀਮਾਰੀਆਂ** : ਚਿਤਕਬਰਾ ਰੋਗ ਅਤੇ ਝੁਲਸ ਰੋਗ ਗਰਮ ਰੁੱਤ ਦੀਆਂ ਦਾਲਾਂ ਦੀਆਂ ਮਹੱਤਵਪੂਰਨ ਬੀਮਾਰੀਆਂ ਹਨ। ਚਿਤਕਬਰਾ ਰੋਗ ਇਕ ਵਿਸ਼ਾਣੂ ਕਾਰਨ ਹੁੰਦਾ ਹੈ ਜੋ ਚਿੱਟੀ ਮੱਖੀ ਦੁਆਰਾ ਫੈਲਦਾ ਹੈ। ਇਸ ਬੀਮਾਰੀ ਨਾਲ ਪੱਤਿਆਂ ਉੱਤੇ ਪੀਲੇ ਅਤੇ ਹਰੇ ਰੰਗ ਦੇ ਚਿਤਕਬਰੇ ਦਾਗ ਪੈ ਜਾਂਦੇ ਹਨ। ਇਸ ਤੋਂ ਇਲਾਵਾ, ਬੀਮਾਰੀ ਵਾਲੇ ਬੂਟਿਆਂ ਉੱਪਰ ਫਲੀਆਂ ਨਹੀਂ ਲੱਗਦੀਆਂ ਜਾਂ ਫਿਰ ਬਹੁਤ ਘੱਟ ਪੀਲੇ ਰੰਗ ਦੀਆਂ ਫਲੀਆਂ ਲਗਦੀਆਂ ਹਨ। ਆਮ ਤੌਰ 'ਤੇ ਸਮੇਂ ਸਿਰ ਬੀਜੀ ਫਸਲ ਵਿਚ ਇਸ ਬੀਮਾਰੀ ਦਾ ਹਮਲਾ ਬਹੁਤ ਘੱਟ ਹੁੰਦਾ ਹੈ। ਜੇਕਰ ਕੁੱਝ ਰੋਗੀ ਬੂਟੇ ਫਸਲ ਦੇ ਸ਼ੁਰੂਆਤੀ ਦੌਰ ਵਿਚ ਨਜ਼ਰ ਆਉਣ ਤਾਂ ਇਨ੍ਹਾਂ ਨੂੰ ਪੁੱਟ ਦੇਣਾ ਚਾਹੀਦਾ ਹੈ। ਝੁਲਸ ਰੋਗ ਵੀ ਇਕ ਮਹੱਤਵਪੂਰਣ ਬੀਮਾਰੀ ਹੈ ਜੋ ਕਿ ਪੱਤਿਆਂ ਦੀ ਉਪਰਲੀ ਛਿੱਲ ਜਾਂ ਨਵੀਆਂ ਟਾਹਣੀਆਂ ਤੋਂ ਸ਼ੁਰੂ ਹੁੰਦੀ ਹੈ ਹੌਲੀ-ਹੌਲੀ ਪੌਦੇ ਉੱਪਰੋਂ ਝੁਲਸ ਜਾਂਦੇ ਹਨ।

ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿਚ ਰੱਖਕੇ ਕਿਸਾਨ ਵੀਰ ਗਰਮ ਰੁੱਤ ਦੀਆਂ ਦਾਲਾਂ ਦਾ ਭਰਪੂਰ ਝਾੜ ਲੈ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਕੋਈ ਮੁਸ਼ਕਿਲ ਆਵੇ ਤਾਂ ਖੇਤੀ ਮਾਹਿਰਾਂ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

# ਮਾਰਚ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਜਸਪਾਲ ਸਿੰਘ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

ਲੜੀ ਜੋੜਨ ਪਿਛਲਾ ਅੰਕ ਪੜ੍ਹੋ ।

**ਖੁੰਬਾਂ ਦੀ ਕਾਸ਼ਤ** : ਇਸ ਮਹੀਨੇ ਦੌਰਾਨ ਤਾਪਮਾਨ ਵਧਣ ਕਰਕੇ ( 25-28° ਸੈਂਟੀਗਰੇਡ) ਬਟਨ ਖੁੰਬ ਦੀ ਕਾਸ਼ਤ ਨੂੰ ਜਾਰੀ ਰੱਖਿਆ ਜਾ ਸਕਦਾ ਹੈ । 50-60 ਦਿਨਾਂ ਦੀ ਤੁੜਾਈ ਤੋਂ ਬਾਅਦ ਬਟਨ ਖੁੰਬ ਦੀ ਦੂਜੀ ਫਸਲ ਦੀ ਕਾਸ਼ਤ ਬੰਦ ਕਰ ਦਿਓ । ਖੁੰਬਾਂ ਦੇ ਕਮਰਿਆਂ ਨੂੰ ਚੰਗੀ ਤਰ੍ਹਾਂ 4 ਪ੍ਰਤੀਸ਼ਤ ਫਾਰਮਲੀਨ ਦੇ ਘੋਲ ਨਾਲ ਸਾਫ ਕਰੋ । ਤੁੜਾਈ ਤੋਂ ਬਾਅਦ ਬਚੀ ਹੋਈ ਕੰਪੋਸਟ ਨੂੰ ਟਰੇਆਂ ਅਤੇ ਸ਼ੈਲਫਾਂ ਵਿੱਚੋਂ ਕੱਢ ਦਿਓ । ਅਗਲੇ ਸੀਜ਼ਨ ਦੀ ਕਾਸ਼ਤ ਲਈ ਟਰੇਆਂ ਅਤੇ ਸੈਲਫਾਂ ਨੂੰ 4 ਪ੍ਰਤੀਸ਼ਤ ਫਾਰਮਲੀਨ ਦੇ ਘੋਲ ਨਾਲ ਕੀਟਾਣੂ ਰਹਿਤ ਕਰਕੇ ਅਤੇ ਸੁਕਾ ਕੇ ਜਮ੍ਹਾਂ ਕਰ ਦਿਓ । ਇਸ ਮਹੀਨੇ ਦੇ ਅੰਤ ਤੱਕ ਢੀਂਗਰੀ ਦੀ ਤੁੜਾਈ ਜਾਰੀ ਰਹਿੰਦੀ ਹੈ । ਆਉਣ ਵਾਲੀ ਗਰਮ ਰੁੱਤ ਦੀਆਂ ਖੁੰਬਾਂ (ਪਰਾਲੀ ਅਤੇ ਮਿਲਕੀ) ਦੀ ਕਾਸ਼ਤ ਲਈ ਤੂੜੀ ਅਤੇ ਪਰਾਲੀ ਨੂੰ ਜਮ੍ਹਾ ਕਰਨਾ ਸ਼ੁਰੂ ਕਰ ਦਿਓ ।



**ਪਸ਼ੂ ਪਾਲਣ** : 1. ਕੱਟਤੂ/ਵਛੜੂਆਂ ਨੂੰ 15 ਦਿਨ ਦੀ ਉਮਰ ਤੇ ਪਿਪਰਾਜ਼ੀਨ(5 ਮਿਲੀਲਿਟਰ ਪ੍ਰਤੀ ਕਿਲੋ ਸਰੀਰਕ ਭਾਰ) ਫਿਰ 22 ਦਿਨ ਦੀ ਉਮਰ ਤੇ ਅਤੇ ਫਿਰ 1 ਮਹੀਨੇ ਦੀ ਉਮਰ ਤੋਂ 6 ਮਹੀਨੇ ਦੀ ਉਮਰ ਤੱਕ ਅਤੇ ਹਰ 3 ਮਹੀਨੇ ਬਾਅਦ ਦਵਾਈ ਬਦਲ-ਬਦਲ ਕੇ ਮਲੱਪ-ਰਹਿਤ ਕਰਦੇ ਰਹੋ ।

2. ਪਸ਼ੂਆਂ ਨੂੰ ਆਸ ਕਰਵਾਉਣ ਤੋਂ ਤਿੰਨ ਮਹੀਨੇ ਬਾਅਦ ਗਰਭ ਵਾਸਤੇ ਚੈੱਕ ਕਰਵਾਉ ।

3. ਡੇਅਰੀ ਪਸ਼ੂਆਂ ਨੂੰ ਹਰੇ, ਪੁੰਗਰੇ ਹੋਏ, ਮਿੱਟੀ ਲੱਗੇ ਜਾਂ ਗਲੇ-ਸੜੇ ਆਲੂ ਨਾ ਪਾਉ । ਇਹ ਪਸ਼ੂਆਂ ਲਈ ਘਾਤਕ ਸਿੱਧ ਹੋ ਸਕਦੇ ਹਨ ।

4. ਪਸ਼ੂਆਂ ਨੂੰ ਸੂਣ ਤੋਂ 60-75 ਦਿਨ ਬਾਅਦ ਗੱਭਣ ਕਰਾਓ ਅਤੇ ਹੇਹੇ ਦੀਆਂ ਨਿਸ਼ਾਨੀਆਂ ਦੇਖਦੇ ਰਹੋ ।

5. ਸੱਜਰ ਸੂਏ ਪਸ਼ੂਆਂ ਨੂੰ ਧਾਤਾਂ ਦਾ ਚੂਰਾ ਰੋਜ਼ਾਨਾ (70-80 ਗ੍ਰਾਮ ਰੋਜ਼ਾਨਾ) ਅਤੇ ਬਾਈਪਾਸ ਫੈਟ (100 ਗ੍ਰਾਮ ਪ੍ਰਤੀ ਦਿਨ) ਪਹਿਲੇ 3 ਮਹੀਨੇ ਤੱਕ ਦਿੰਦੇ ਰਹੋ ।

6. ਫਾਲਤੂ ਫਲੀਦਾਰ ਚਾਰਿਆਂ ਨੂੰ ਸੁੱਕਾ ਕੇ ਹੇਅ ਬਣਾਓ ਜੋ ਕੱਟੜੂ / ਵਛੜੂਆਂ ਨੂੰ ਪਾਲਣ ਵਿਚ ਬਹੁਤ ਸਹਾਈ ਹੁੰਦੀ ਹੈ । ਪ੍ਰੋਟੀਨ ਦੀ ਮਾਤਰਾ ਵੱਧ ਹੋਣ ਤੇ ਹੇਅ ਦੀ ਵਰਤੋਂ ਖੱਲਾਂ ਦੀ ਜਗ੍ਹਾਂ ਕਿਸੇ ਹੱਦ ਤੱਕ ਕੀਤੀ ਜਾ ਸਕਦੀ ਹੈ ।

7. ਲੇਵੇ ਦੀ ਗੁੱਝੀ ਸੋਜ਼ ਦੀ ਪਰਖ ਕਰਨ ਲਈ ਹਰ ਪੰਦਰਵਾੜੇ ਤੇ ਸੀ ਐਮ ਟੀ ਕਿੱਟ ਨਾਲ ਪਸ਼ੂਆਂ ਦੀ ਪਰਖ ਕਰੋ ।

8. ਪਸ਼ੂਆਂ ਦੇ ਸੰਤੁਲਿਤ ਚਾਰੇ ਲਈ ਮੱਕੀ, ਚਰ੍ਹੀ ਅਤੇ ਗੁਆਰਾ ਬੀਜੋ ।

9. ਪਸ਼ੂਆਂ ਦੀ ਵੰਡ ਵਿੱਚ ਕੱਚੀ ਪ੍ਰੋਟੀਨ ਦੀ ਮਾਤਰਾ 2% ਵਧਾਅ ਦਿਉ ।

10. ਬੰਨ੍ਹੇ ਹੋਏ ਪਸ਼ੂਆਂ ਵਿੱਚ ਖੁਰਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਮੈਟ ਦੀ ਵਰਤੋਂ ਕਰੋ ਅਤੇ ਪਸ਼ੂਆਂ ਦੇ ਗੋਹੇ ਦੀ ਜਾਂਚ ਕਰੋ । ਜੇਕਰ ਗੋਹਾ ਪਤਲਾ ਹੈ ਤਾਂ ਮਿੱਠਾ ਸੋਡਾ (50-70) ਗ੍ਰਾਮ ਵਰਤੋ ।

**ਮੁਰਗੀ ਪਾਲਣ** :

1. ਮੀਟ ਵਾਲੇ ਚੂਚੇ ਪਾਲਣ ਲਈ ਇਹ ਸਮਾਂ ਬਹੁਤ ਢੁੱਕਵਾਂ ਹੈ । ਆਂਡਿਆਂ ਵਾਲੇ ਚੂਚੇ ਪਾਉਣ ਲਈ ਪਹਿਲਾਂ ਹੀ ਵਿਉਂਤ ਬਣਾ ਲੈਣੀ ਚਾਹੀਦੀ ਹੈ ਅਤੇ ਚੂਚੇ ਕਿਸੇ ਭਰੋਸੇਯੋਗ ਹੈਚਰੀ ਤੋਂ ਲੈਣੇ ਚਾਹੀਦੇ ਹਨ ।

2. ਚੂਚੇ ਖਰੀਦਣ ਸਮੇਂ ਉਨ੍ਹਾਂ ਨੂੰ ਮੈਰਕਸ ਬੀਮਾਰੀ ਦੇ ਟੀਕੇ ਲੱਗਣੇ ਚਾਹੀਦੇ ਹਨ ਅਤੇ ਚੂਚੇ ਪਾਉਣ ਤੋਂ ਪਹਿਲਾਂ ਸ਼ੈੱਡ ਨੂੰ ਕੀਟਾਣੂੰ ਰਹਿਤ ਕਰ ਲੈਣਾ ਚਾਹੀਦਾ ਹੈ ।

3. ਚੂਚਿਆਂ ਨੂੰ ਸ਼ੁਰੂ ਤੋਂ ਹੀ ਲੋੜੀਂਦਾ ਤਾਪਮਾਨ ਦੇਵੋ । ਪਹਿਲੇ ਹਫਤੇ ਇਹ ਤਾਪਮਾਨ 95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ, ਜਦੋਂ ਤੱਕ ਇਹ 70 ਡਿਗਰੀ ਨਹੀਂ ਹੋ ਜਾਂਦਾ । ਚੂਚੇ ਆਉਣ ਤੋਂ 24 ਘੰਟੇ ਪਹਿਲਾਂ ਬਰੂਡਰ ਚਾਲੂ ਕਰ ਦੇਣਾ ਚਾਹੀਦਾ ਹੈ ।



4. ਚੂਚੇ ਆਉਣ ਤੋਂ ਪਹਿਲਾਂ ਵਿਛਾਈ ਹੋਈ ਸੁੱਕ ਉੱਪਰ ਅਖਬਾਰਾਂ ਵਿਛਾਓ ਅਤੇ ਉਹਨਾਂ ਉੱਪਰ ਮੱਕੀ ਦਾ ਦਲੀਆ ਪਾਓ ਕਿਉਂਕਿ ਇਕ ਦਿਨ ਦੀ ਉਮਰ ਦੇ ਚੂਚੇ ਫੀਡਰਾਂ ਵਿੱਚੋਂ ਫੀਡ ਨਹੀਂ ਲੱਭ ਸਕਦੇ ।

5. ਪੰਛੀਆਂ ਨੂੰ ਲੋੜ ਮੁਤਾਬਕ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ ।

6. ਚੂਚਿਆਂ ਨੂੰ 6-8 ਹਫਤੇ ਦੇ ਵਕਫੇ ਨਾਲ ਮਲੱਪ ਰਹਿਤ ਕਰੋ ।

7. ਸਮੇਂ ਸਮੇਂ ਸਿਰ ਬੀਮਾਰ ਅਤੇ ਘੱਟ ਪੈਦਾਵਾਰ ਵਾਲੀਆਂ ਮੁਰਗੀਆਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ ।

8. ਪੋਲਟਰੀ ਫਾਰਮ ਅੰਦਰ ਫਜ਼ੂਲ ਦੀ ਆਵਾਜਾਈ ਬੰਦ ਰੱਖੋ । ਫਾਰਮ ਅੰਦਰ ਜਾਣ ਵੇਲੇ ਸ਼ੂ ਕਵਰ ਪਾਓ ।

9. ਪੰਛੀਆਂ ਨੂੰ ਬਾਰ-ਬਾਰ ਨਾ ਛੇੜੋ ਕਿਉਂਕਿ ਇਸ ਨਾਲ ਵਾਧਾ ਅਤੇ ਉਤਪਾਦਨ ਘੱਟ ਜਾਂਦਾ ਹੈ ।

10. ਸ਼ੈਡ ਵਿਚ ਪਾਣੀ ਵਾਲੇ ਭਾਂਡਿਆਂ ਦੀ ਗਿਣਤੀ ਵਧਾ ਦਿਓ ਅਤੇ ਤਾਜ਼ਾ ਪਾਣੀ ਦਿੰਦੇ ਰਹੋ ।

11. ਫੱਕ ਦੀ ਉਪਰਲੀ ਤਹਿ ਉਤਾਰ ਕੇ ਤਹਿ ਪਤਲੀ ਕਰ ਦਿਓ ।



# ਮੱਕੀ ਦਾ ਹਾਈਬ੍ਰਿਡ ਬੀਜ ਉਤਪਾਦਨ ਲਾਹੇਵੰਦ ਧੰਦਾ

ਰਾਜਕੁਮਾਰ ਅਤੇ ਹਰਸਿਮਰਨਜੀਤ ਕੌਰ ਮਾਵੀ

ਮੱਕੀ ਦੇ ਹਾਈਬ੍ਰਿਡ ਬੀਜਾਂ ਦੀ ਪੈਦਾਵਾਰ ਤੇ ਵਿਕਰੀ 'ਚ ਨਿੱਜੀ ਖੇਤਰ ਦੀਆਂ ਕੰਪਨੀਆਂ ਦਾ ਕਾਫੀ ਬੋਲਬਾਲਾ ਹੈ । ਉਦਾਹਰਨ ਵਜੋਂ 2019-20 ਦੌਰਾਨ ਦੇਸ਼ ਮੱਕੀ ਦੇ ਪ੍ਰਮਾਣਿਤ/ਗੁਣਵੱਤਾ ਵਾਲੇ ਬੀਜਾਂ ਦੀ ਕੁੱਲ ਜ਼ਰੂਰਤ 12.71 ਲੱਖ ਕੁਇੰਟਲ ਸੀ ਤੇ ਇਸ ਦੀ ਉਪਲੱਬਧਤਾ ਸੀ 15.07 ਲੱਖ ਕੁਇੰਟਲ ਜਿਸ ਵਿੱਚੋਂ 94 ਫੀਸਦੀ ਬੀਜ (14.14 ਲੱਖ ਕੁਇੰਟਲ) ਨਿੱਜੀ ਕੰਪਨੀਆਂ ਵੱਲੋਂ ਮੁਹੱਈਆ ਕਰਵਾਏ ਗਏ ਸਨ । ਸਥਿਤੀ ਦਾ ਫਾਇਦਾ ਉਠਾਉਂਦਿਆਂ ਨਿੱਜੀ ਵਪਾਰੀਆਂ ਨੂੰ ਸਥਾਨਕ ਬਾਜ਼ਾਰਾਂ 'ਚ ਕਿਸਾਨਾਂ ਨੂੰ ਬਹੁਤ ਜ਼ਿਆਦਾ ਕੀਮਤਾਂ ਤੇ ਉੱਪ-ਮਿਆਰੀ ਬੀਜ ਵੇਚਣ ਦਾ ਮੌਕਾ ਮਿਲ ਜਾਂਦਾ ਹੈ । ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਿਸਾਨਾਂ ਨੂੰ ਮੱਕੀ ਦੇ ਬੀਜਾਂ ਤੇ ਸਬਸਿਡੀ ਦੀ ਸਹੂਲਤ ਦੇਣ ਦੇ ਨਾਲ-ਨਾਲ ਦੋਗਲਾ ਬੀਜ ਪੈਦਾ ਕਰਨ ਲਈ ਮੁਫਤ ਸਿਖਲਾਈ ਦੇਣ ਵਰਗੇ ਕਦਮ ਚੁੱਕੇ ਗਏ ਹਨ ।

ਮੱਕੀ ਦੀ 20-28 ਫੀਸਦੀ ਵਰਤੋਂ ਮਨੁੱਖੀ ਭੋਜਨ ਦੇ ਰੂਪ 'ਚ ਕੀਤੀ ਜਾਂਦੀ ਹੈ ਜਦਕਿ ਬਾਕੀ 75-80 ਫੀਸਦੀ ਪੋਲਟਰੀ ਫੀਡ ਤੇ ਹੋਰ ਉਦਯੋਗਾਂ ਚ ਇਸਤੇਮਾਲ ਕੀਤੀ ਜਾਂਦੀ ਹੈ । ਫਸਲੀ ਵਿਭਿੰਨਤਾ ਤੇ ਪਸਾਰ ਲਈ ਤੇ ਧਰਤੀ ਹੇਠਲੇ ਪਾਣੀ ਦੇ ਨਿਘਾਰ ਦੀ ਸਮੱਸਿਆ ਨੂੰ ਨਜਿੱਠਣ ਲਈ ਮੱਕੀ ਸਭ ਤੋਂ ਮਜ਼ਬੂਤ ਦਾਅਵੇਦਾਰ ਫਸਲ ਹੈ । ਇਸ ਤੋਂ ਇਲਾਵਾ ਉਨ੍ਹਾਂ ਖੇਤਰਾਂ 'ਚ ਜਿੱਥੇਕਿਸਾਨ ਸਿੰਚਾਈ ਵਾਸਤੇ ਟਿਊਬਵੈੱਲ ਚਲਾਉਣ ਲਈ ਡੀਜ਼ਲ 'ਤੇ ਖਰਚ ਕਰਨਾ ਬੋਝ ਮਹਿਸੂਸ ਕਰਦੇ ਹਨ, ਮੱਕੀ ਇਕ ਅਨੁਕੂਲ ਫਸਲ ਹੈ ।

ਦੁਨੀਆਂ 'ਚ ਮੱਕੀ ਦੇ ਕੁੱਲ ਉਤਪਾਦਨ 'ਚ ਲਗਭਗ ਦੋ ਫੀਸਦੀ ਹਿੱਸੇਦਾਰੀ ਨਾਲ ਭਾਰਤ ਸੱਤਵੇਂ ਸਥਾਨ 'ਤੇ ਹੈ । ਸਾਲ 2018-19 'ਚ ਦੇਸ਼ 'ਚ 9.03 ਮਿਲੀਅਨ ਹੈਕਟੇਅਰ ਰਕਬੇ 'ਚ ਮੱਕੀ ਦੀ ਕਾਸ਼ਤ ਕੀਤੀ ਗਈ ਸੀ ਤੇ ਔਸਤਨ 3070 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਝਾੜ ਨਾਲ 27.72 ਮਿਲੀਅਨ ਟਨ ਪੈਦਾਵਾਰ ਹੋਈ ਸੀ । ਮੱਧ ਪ੍ਰਦੇਸ਼, ਕਰਨਾਟਕ ਤੇ ਮਹਾਰਾਸ਼ਟਰ ਇਸ ਦੇ ਮੁੱਖ ਉਤਪਾਦਕ ਰਾਜ ਹਨ, ਜਿਨ੍ਹਾਂ ਨੇ ਸਾਲ 2018-19 ਦੌਰਾਨ ਦੇਸ਼ ਦੇ ਕੁੱਲ ਮੱਕੀ ਉਤਪਾਦਨ 'ਚ ਕ੍ਰਮਵਾਰ 14.91, 13.56 ਤੇ 10.23 ਫੀਸਦੀ ਯੋਗਦਾਨ ਪਾਇਆ । ਪੰਜਾਬ ਦਾ ਹਿੱਸਾ ਸਿਰਫ 1.51 ਫੀਸਦੀ ਸੀ । ਸੂਬੇ 'ਚ ਸਾਲ 2019-20 'ਚ ਮੱਕੀ ਦੀ ਕਾਸ਼ਤ ਹੇਠ 115 ਹਜ਼ਾਰ ਹੈਕਟੇਅਰ ਰਕਬਾ ਸੀ, ਜਿਸ ਵਿੱਚੋਂ 410 ਹਜ਼ਾਰ ਟਨ ਦੀ ਪੈਦਾਵਾਰ ਹੋਈ । ਮੱਕੀ ਦਾ ਝਾੜ 3581 ਕਿੱਲੋਗ੍ਰਾਮ ਪ੍ਰਤੀ ਹੈਕਟੇਅਰ ਤੱਕ ਆਇਆ । ਸੂਬੇ ਦੀ ਮੱਕੀ ਦੀ ਮੰਗ ਇਸ ਦੇ ਉਤਪਾਦਨ ਨਾਲੋਂ ਜ਼ਿਆਦਾ ਹੋਣ ਕਾਰਨ ਇਸ ਦੀ ਪੂਰਤੀ ਕਈ ਵਾਰੀ ਬਾਹਰਲੇ ਰਾਜਾਂ ਤੋਂ ਖਰੀਦ ਦੇ ਪੂਰੀ ਕੀਤੀ ਜਾਂਦੀ ਹੈ । ਹੁਸ਼ਿਆਰਪੁਰ, ਰੂਪ ਨਗਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਦੇ ਮੁੱਖ ਮੱਕੀ ਉਤਪਾਦਕ ਜ਼ਿਲ੍ਹੇ ਹਨ । ਇਨ੍ਹਾਂ ਜ਼ਿਲ੍ਹਿਆਂ ਨੇ ਸਾਲ 2019-20 ਦੌਰਾਨ ਰਾਜ ਦੇ ਮੱਕੀ ਦੇ ਕੁੱਲ ਉਤਪਾਦਨ 'ਚ ਕ੍ਰਮਵਾਰ 48.2, 18.8, 8.2, 6.2 ਅਤੇ 5.5 ਫੀਸਦੀ ਹਿੱਸਾ ਪਾਇਆ ।

ਮੱਕੀ ਦੀ ਬਿਜਾਈ ਮੁੱਖ ਤੌਰ 'ਤੇ ਸਾਉਣੀ ਦੇ ਮੌਸਮ 'ਚ ਮਈ ਦੇ ਅਖੀਰ 'ਚ ਸ਼ੁਰੂ ਹੁੰਦੀ ਹੈ । ਪਿਛਲੇ ਕਈ ਸਾਲਾਂ ਤੋਂ ਆਲੂ ਪੈਦਾ ਕਰਨ ਵਾਲੇ ਇਲਾਕਿਆਂ 'ਚ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਦਾ ਰੁਝਾਨ ਵੀ ਵੇਖਣ 'ਚ ਆਇਆ ਹੈ । ਪੰਜਾਬ 'ਚ ਜ਼ਿਆਦਾਤਰ ਮੱਕੀ ਦੀਆਂ ਹਾਈਬ੍ਰਿਡ ਕਿਸਮਾਂ ਹੀ ਬੀਜੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਝਾੜ ਆਮ ਕਿਸਮਾਂ ਨਾਲੋਂ ਕਾਫੀ ਵੱਧ ਹੁੰਦਾ ਹੈ । ਕਿਸਾਨਾਂ ਨੂੰ ਇਸ ਦਾ ਬੀਜ ਹਰ ਸਾਲ ਨਵਾਂ ਲੈਣਾ ਪੈਂਦਾ ਹੈ ਜੋ ਕਾਫੀ ਮਹਿੰਗਾ ਹੁੰਦਾ ਹੈ । ਇਸ ਲਈ ਜੇ ਕਿਸਾਨ ਮੱਕੀ ਦਾ ਹਾਈਬ੍ਰਿਡ ਬੀਜ ਆਪ ਤਿਆਰ ਕਰਨ ਤਾਂ ਉਨ੍ਹਾਂ ਦਾ ਇਹ ਖਰਚਾ ਘੱਟ ਸਕਦਾ ਹੈ ਅਤੇ ਆਮਦਨ 'ਚ ਵਾਧਾ ਹੋ ਸਕਦਾ ਹੈ । ਕਿਸਾਨ ਹਾਈਬ੍ਰਿਡ ਬੀਜ ਦੇ ਉਤਪਾਦਨ ਨੂੰ ਇਕ ਵਪਾਰਕ ਧੰਦੇ ਵਜੋਂ ਵੀ ਅਪਣਾ ਸਕਦੇ ਹਨ ।

**ਅਪਣਾਇਆ ਜਾ ਸਕਦਾ ਹੈ ਵੱਡੇ ਪੱਧਰ 'ਤੇ** : ਮੱਕੀ ਦੇ ਹਾਈਬ੍ਰਿਡ ਬੀਜ ਦੇ ਉਤਪਾਦਨ 'ਚ ਹੋਣ ਵਾਲੇ ਖਰਚਿਆਂ ਅਤੇ ਆਮਦਨ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਬੀਜ ਤੇ ਇਸ ਦੀ ਸੋਧ, ਉੱਪਰ 2422 ਰੁਪਏ ਦਾ ਖਰਚਾ ਆਉਂਦਾ ਹੈ, ਜਿਸ 'ਚ ਮਾਦਾ ਅਤੇ ਨਰ ਬੀਜ ਉੱਪਰ ਖਰਚਾ ਕ੍ਰਮਵਾਰ 1800 ਤੇ 600 ਰੁਪਏ ਪ੍ਰਤੀ ਏਕੜ ਹੁੰਦਾ ਹੈ । ਰਸਾਇਣਕ ਖਾਦਾਂ 'ਤੇ ਕੁੱਲ ਖਰਚਾ 4384 ਰੁਪਏ ਪ੍ਰਤੀ ਏਕੜ ਆਉਂਦਾ ਹੈ । ਇਹ ਦੇਖਣ 'ਚ ਆਇਆ ਹੈ ਕਿ ਕੁੱਲ ਚਲੰਤ ਖਰਚੇ ਦਾ ਤਕਰੀਬਨ 56 ਫੀਸਦੀ ਖਰਚਾ (18000 ਰੁਪਏ ਪ੍ਰਤੀ ਏਕੜ) ਮਨੁੱਖੀ ਲੇਬਰ 'ਤੇ ਆਉਂਦਾ ਹੈ । ਨਦੀਨਨਾਸ਼ਕ/ਕੀਟਨਾਸ਼ਕ ਰਸਾਇਣਾਂ 'ਤੇ 2.3 ਫੀਸਦੀ ਅਤੇ ਟਰਾਂਸਪੋਰਟ/ਮੰਡੀਕਰਨ ਲਈ 6.7 ਫੀਸਦੀ ਖਰਚਾ ਆਉਂਦਾ ਹੈ । ਇਸ ਤਰ੍ਹਾਂ ਮੱਕੀ ਦਾ ਹਾਈਬ੍ਰਿਡ ਬੀਜ ਉਤਪਾਦਨ ਉੱਪਰ ਕੁੱਲ ਚਲੰਤ ਖਰਚੇ 32183 ਰੁਪਏ ਪ੍ਰਤੀ ਏਕੜ ਬਣਦੇ ਹਨ । ਦੋਗਲੇ ਬੀਜ ਦਾ ਔਸਤਨ ਝਾੜ 6 ਕੁਇੰਟਲ ਪ੍ਰਤੀ ਏਕੜ ਤੱਕ ਹੋ ਸਕਦਾ ਹੈ, ਜਿਸ ਤੋਂ ਕੁਲ ਆਮਦਨ 112900 ਰੁਪਏ ਬਣਦੀ ਹੈ ।

ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਇਸ ਤੋਂ ਨਿਰੋਲ ਆਮਦਨ 80069 ਰੁਪਏ ਪ੍ਰਤੀ ਏਕੜ ਤੱਕ ਹੋ ਸਕਦੀ ਹੈ । ਇਸ ਕਰਕੇ ਅਗਾਂਹਵਧੂ ਕਿਸਾਨ ਭਰਾ ਹਾਈਬ੍ਰਿਡ ਬੀਜ ਦੇ ਉਤਪਾਦਨ ਸਬੰਧੀ ਸਿਖਲਾਈ ਲੈ ਕੇ ਇਸ ਨੂੰ ਵਪਾਰਕ ਪੱਧਰ 'ਤੇ ਅਪਣਾ ਸਕਦੇ ਹਨ ।



# ਸ਼ਹਿਦ ਦੀਆਂ ਮੱਖੀਆਂ ਦਾ ਕੀਟਨਾਸ਼ਕਾਂ ਤੋਂ ਬਚਾਅ

ਯੂਰਪੀ ਸ਼ਹਿਦ ਦੀ ਮੱਖੀ ਕਰੀਬ 75 ਫੀਸਦੀ ਫਸਲਾਂ ਦੇ ਪਰ-ਪਰਾਗਣ 'ਚ ਮਦਦ ਕਰਦੀ ਹੈ। ਫੁੱਲਾਂ ਤੋਂ ਪਰਾਗ ਤੇ ਰਸ ਇਕੱਠਾ ਕਰਦਿਆਂ ਸ਼ਹਿਦ ਦੀਆਂ ਮੱਖੀਆਂ ਖੇਤੀ ਰਸਾਇਣਾਂ ਦੇ ਸੰਪਰਕ 'ਚ ਆ ਜਾਂਦੀਆਂ ਹਨ। ਮੱਖੀਆਂ 'ਤੇ ਕੀਟਨਾਸ਼ਕਾਂ ਦਾ ਜ਼ਿਆਦਾ ਪ੍ਰਭਾਵ ਉਦੋਂ ਹੁੰਦਾ ਹੈ ਜਦੋਂ ਜ਼ਿਆਦਾ ਜ਼ਹਿਰੀਲੇ ਰਸਾਇਣ, ਫਸਲਾਂ ਦੇ ਫੁੱਲ ਆਉਣ ਦੀ ਸਥਿਤੀ ਵੇਲੇ ਸਪਰੇਅ ਕੀਤੇ ਜਾਣ।

**ਰਸਾਇਣਾਂ ਦਾ ਪ੍ਰਭਾਵ** : ਖੇਤੀ ਰਸਾਇਣਾਂ ਦਾ ਸਿੱਧਾ ਅਸਰ ਮੱਖੀਆਂ ਦੀ ਮੌਤ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਅਸਿੱਧੇ ਤੌਰ 'ਤੇ ਵੀ ਰਸਾਇਣ ਕਾਫੀ ਮਾੜਾ ਅਸਰ ਪਾਉਂਦੇ ਹਨ। ਇਹ ਰਸਾਇਣ ਮੱਖੀਆਂ ਦੇ ਬੋਧ ਭਾਵ, ਜਿਵੇਂ, ਜਿਵੇਂ ਸਿੱਖਣ ਤੇ ਯਾਦ-ਸ਼ਕਤੀ, ਸਥਿਤੀ ਅਤੇ ਰਸਤੇ ਨੂੰ ਸਮਝਣ ਦੀ ਆਦਤ 'ਤੇ ਅਸਰ ਪਾਉਂਦੇ ਹਨ। ਮੱਖੀਆਂ ਦੇ ਰਸ ਤੇ ਪਰਾਗ ਇਕੱਠਾ ਕਰਨ ਦੀ ਸਮਰੱਥਾ ਉੱਪਰ ਵੀ ਇਨ੍ਹਾਂ ਦਾ ਮਾੜਾ ਅਸਰ ਪੈਂਦਾ ਹੈ। ਖੰਭਾਂ ਦੀਆਂ ਮਾਸਪੇਸ਼ੀਆਂ ਉੱਪਰ ਰਸਾਇਣਾਂ ਦਾ ਮਾੜਾ ਅਸਰ ਪੈਣ ਕਾਰਨ ਉੱਡਣ ਸ਼ਕਤੀ ਪ੍ਰਭਾਵਿਤ ਹੁੰਦੀ ਹੈ। ਇਸ ਤੋਂ ਇਲਾਵਾ ਮੱਖੀਆਂ ਦੀ ਸੰਚਾਰ ਸਮਰੱਥਾ, ਪਾਚਨ-ਸ਼ਕਤੀ ਤੇ ਗਤੀ ਉੱਪਰ ਵੀ ਮਾੜਾ ਅਸਰ ਪੈਂਦਾ ਹੈ।

**ਜ਼ਹਿਰਬਾਦ ਦੇ ਲੱਛਣ** : ਕਟੁੰਬ ਨੇੜੇ ਮਰੀਆਂ ਜਾਂ ਮਰ ਰਹੀਆਂ ਮੱਖੀਆਂ ਦਾ ਹੋਣਾ। ਕਟੁੰਬ ਨੇੜੇ ਜ਼ਮੀਨ 'ਤੇ ਰੀਂਗ ਰਹੀਆਂ ਮੱਖੀਆਂ। ਗਾਰਡ ਮੱਖੀਆਂ ਦੀ ਪਛਾਣ ਸਮਰਥਾ ਘੱਟ ਜਾਂਦੀ ਹੈ। ਫਰੇਮਾਂ ਦੀਆਂ ਉੱਪਰਲੀਆਂ ਫੱਟੀਆਂ ਜਾਂ ਬਾਟਮ ਬੋਰਡ ਉੱਪਰ ਮਰੀਆਂ ਹੋਈਆਂ ਮੱਖੀਆਂ ਦੀ ਮੌਜੂਦਗੀ। ਮੱਖੀਆਂ ਦੇ ਸੁਭਾਅ 'ਚ ਗੁਸੈਲਾਪਣ ਆਉਣਾ। ਕਟੁੰਬ ਦੇ ਅੰਦਰ ਜਾਂ ਬਕਸੇ ਦੇ ਗੇਟ 'ਤੇ ਆਪਸ 'ਚ ਲੜ ਰਹੀਆਂ ਮੱਖੀਆਂ ਦਾ ਨਜ਼ਰ ਆਉਣਾ। ਕਟੁੰਬ ਵਿੱਚ ਇਕਦਮ ਖੁਰਾਕ ਅਤੇ ਬਰੂਡ ਦੀ ਘਾਟ ਆ ਜਾਣੀ। ਕਟੁੰਬ ਵਿੱਚ ਮਰਿਆ ਹੋਇਆ ਅਤੇ ਬਰੂਡ ਹੋਣਾ ਸ਼ਹਿਦ ਦੀਆਂ ਮੱਖੀਆਂ ਉੱਪਰ ਜ਼ਹਿਰ ਦੇ ਪ੍ਰਭਾਵ ਦੇ ਮੁੱਖ ਲੱਛਣ ਹਨ।

**ਕੀਟਨਾਸ਼ਕ ਦੀ ਚੋਣ** : ਜੇ ਫਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿਰੁੱਧ ਇਕ ਤੋਂ ਜ਼ਿਆਦਾ ਰਸਾਇਣ ਅਸਰਦਾਰ ਹਨ ਤਾਂ ਉਸ ਰਸਾਇਣ ਦੀ ਚੋਣ ਕਰੋ ਜੋ ਹਾਨੀਕਾਰਕ ਜੀਵਾਂ ਵਿਰੁੱਧ ਅਸਰਦਾਰ ਅਤੇ ਸ਼ਹਿਦ ਦੀਆਂ ਮੱਖੀਆਂ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਉਂਦਾ ਹੋਵੇ। ਕੀਟਨਾਸ਼ਕ ਦੇ ਜ਼ਹਿਰੀਲੇਪਣ ਨੂੰ ਅਣਗੌਲਿਆ ਨਾ ਕਰੋ। ਜਿਹੜੇ ਬਹੁਤ ਘੱਟ ਜ਼ਹਿਰੀਲੇ ਰਸਾਇਣ ਹਨ, ਉਨ੍ਹਾਂ ਦੀ ਹੀ ਵਰਤੋਂ ਕਰੋ। ਫੁੱਲਾਂ ਤੋਂ ਰਸ ਅਤੇ ਪਰਾਗ ਇਕੱਠਾ ਕਰ ਰਹੀਆਂ ਸ਼ਹਿਦ ਦੀਆਂ ਮੱਖੀਆਂ ਰਸਾਇਣਾਂ ਦੇ ਰਹਿੰਦ-ਖੂੰਹਦ ਨੂੰ ਵੀ ਆਪਣੇ ਕਟੁੰਬਾਂ 'ਚ ਲੈ ਆਉਂਦੀਆਂ ਹਨ ਅਤੇ ਖੁਰਾਕ ਵਾਲੇ ਛੱਤਿਆਂ 'ਚ ਜਮ੍ਹਾਂ ਕਰ ਲੈਂਦੀਆਂ ਹਨ। ਇਸ ਜ਼ਹਿਰੀਲੀ ਖੁਰਾਕ ਨਾਲ ਪੂੰਗ ਮਰਨੀ ਸ਼ੁਰੂ ਹੋ ਜਾਂਦੀ ਹੈ।

**ਸਪਰੇਅ ਸਮੇਂ ਸਾਵਧਾਨੀਆਂ** : ਸ਼ਹਿਦ ਦੀਆਂ ਮੱਖੀਆਂ ਨੂੰ ਰਸਾਇਣਾਂ ਦੇ ਅਸਰ ਤੋਂ ਬਚਾਉਣ ਲਈ ਸਪਰੇਅ ਕਰਨ ਵੇਲੇ ਕਿਸਾਨ ਅਤੇ ਸ਼ਹਿਦ ਮੱਖੀ ਪਾਲਕ ਕੀਟਨਾਸ਼ਕ ਦੇ ਲੇਬਲ 'ਤੇ ਸ਼ਹਿਦ ਦੀਆਂ ਮੱਖੀਆਂ ਸਬੰਧੀ ਲਿਖੀ ਚਿਤਾਵਨੀ ਉੱਪਰ ਅਮਲ ਜ਼ਰੂਰ ਕਰਨ। ਫੁੱਲਾਂ 'ਤੇ ਆਈ ਫਸਲ ਸ਼ਹਿਦ ਦੀਆਂ ਮੱਖੀਆਂ ਨੂੰ ਆਕਰਸ਼ਿਤ ਕਰਦੀ ਹੈ, ਉਸ ਵੇਲੇ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਤੋਂ ਗੁਰੇਜ ਕਰੋ। ਫੁੱਲਾਂ ਵਾਲੀ ਫਸਲ 'ਤੇ ਰਸਾਇਣਾਂ ਦੀ ਸਪਰੇਅ ਸਵੇਰੇ ਜਾਂ ਸ਼ਾਮ ਵੇਲੇ ਕਰੋ, ਜਦੋਂ ਜ਼ਿਆਦਾਤਰ ਮੱਖੀਆਂ ਆਪਣੇ ਕਟੁੰਬਾਂ 'ਚ ਹੁੰਦੀਆਂ ਹਨ।

**ਛਿੜਕਾਅ ਦਾ ਤਰੀਕਾ** : ਛਿੜਕਾਅ ਸਮੇਂ ਰਸਾਇਣ ਕਟੁੰਬਾਂ ਉੱਪਰ ਸਿੱਧੇ ਨਾ ਪੈਣ। ਛਿੜਕਾਅ ਵੇਲੇ ਹਵਾ ਦਾ ਰੁੱਖ ਮੱਖੀਆਂ ਦੇ ਕਟੁੰਬਾਂ ਵੱਲ ਨਾ ਹੋਵੇ। ਜੇ ਫਸਲ ਦੇ ਨੇੜੇ ਸ਼ਹਿਦ ਦੀਆਂ ਮੱਖੀਆਂ ਵਾਲੇ ਬਕਸੇ ਹੋਣ ਤਾਂ ਇਨ੍ਹਾਂ ਨੂੰ ਦੂਰ ਹਟਾ ਦੇਵੋ। ਕੀਟਨਾਸ਼ਕਾਂ ਦੇ ਖਾਲੀ ਡੱਬੇ ਨਸ਼ਟ ਕਰ ਦੇਵੋ। ਖਾਲੀ ਡੱਬੇ ਪਾਣੀ ਦੇ ਸਰੋਤਾਂ ਵਿੱਚ ਨਾ ਸੁੱਟੋ।

# ਅੰਜ਼ੀਰ ਦੀ ਲਾਹੇਵੰਦ ਫਸਲ ਲੈਣ ਲਈ ਅਹਿਮ ਨੁਕਤੇ

**ਸਵਰੀਤ ਖਹਿਰਾ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ**

**ਅੰਜ਼ੀਰ ਇੱਕ ਪੁਰਾਤਨ ਸਮੇਂ ਦਾ ਬਹੁਤ ਸੁਆਦਲਾ ਫਲ ਹੈ, ਜੋ ਸਦੀਆਂ ਤੋਂ ਆਪਣੇ ਪੌਸ਼ਟਿਕ ਅਤੇ ਉਪਚਾਰ ਗੁਣਾਂ ਲਈ ਜਾਣਿਆ ਜਾਂਦਾ ਹੈ। ਅੰਜ਼ੀਰ ਦਾ ਫਲ ਖੁਰਾਕੀ ਤੱਤਾਂ ਨਾਲ ਭਰਪੂਰ ਹੈ। ਇਹ ਊਰਜਾ ਦੀ ਖੁਰਾਕ ਦਾ ਚੰਗਾ ਸੋਮਾ ਹੈ। ਤਾਜ਼ੇ ਫਲਾਂ ਵਿੱਚ ਪ੍ਰੋਟੀਨ, ਕੈਲਸ਼ੀਅਮ ਅਤੇ ਲੋਹਾ ਤੱਤ ਕਾਫੀ ਮਾਤਰਾ ਵਿੱਚ ਪਾਏ ਜਾਂਦੇ ਹਨ। ਅੰਜ਼ੀਰ ਦੇ ਫਲ ਤਾਜ਼ਾ ਜਾ ਸੁਕਾ ਕੇ ਖਾਧੇ ਜਾ ਸਕਦੇ ਹਨ। ਅੰਜ਼ੀਰ ਦੇ ਫਲਾਂ ਤੋਂ ਮੁਰੱਬਾ ਅਤੇ ਡੱਬਾਬੰਦੀ ਵਰਗੇ ਪਦਾਰਥ ਤਿਆਰ ਕੀਤੇ ਜਾਂਦੇ ਹਨ। ਪੰਜਾਬ ਵਿੱਚ ਅੰਜ਼ੀਰ ਦੀ ਖੇਤੀ ਕੁਝ ਸਮੇਂ ਤੋਂ ਹੀ ਸਿਫਾਰਿਸ਼ ਕੀਤੀ ਗਈ ਹੈ।**

**ਪੌਣ ਪਾਣੀ ਅਤੇ ਜ਼ਮੀਨ** : ਅੰਜ਼ੀਰ ਇੱਕ ਪਤਝੜੀ ਫਲਦਾਰ ਬੂਟਾ ਹੈ ਜਿਸ ਦੀ ਫਸਲ ਗਰਮ, ਖੁਸ਼ਕ ਇਲਾਕੇ ਵਿੱਚ ਜਿੱਥੇ ਘੱਟ ਬਾਰਸ਼ਾਂ, ਪਰ ਸੂਰਜ ਦੀ ਰੌਸ਼ਨੀ ਪੂਰੀ ਪੈਂਦੀ ਹੋਵੇ, ਅਜਿਹੇ ਵਾਤਾਵਰਣ ਵਿੱਚ ਹੁੰਦੀ ਹੈ। ਅੰਜ਼ੀਰ ਗਰਮ ਰੁੱਤ ਕਾਫੀ ਹੱਦ ਤੱਕ ਸਹਾਰ ਲੈਂਦਾ ਹੈ। ਪਰ ਬਹੁਤ ਜ਼ਿਆਦਾ ਤਾਪਮਾਨ ਨਾਲ ਉਪਰਲੇ ਪੱਤੇ ਝੁਲਸ ਜਾਂਦੇ ਹਨ। ਪੱਕਣ ਸਮੇਂ ਭਾਰੀ ਬਾਰਸ਼ ਨਾਲ ਪੱਕੇ ਹੋਏ ਫਲ ਫਟ ਜਾਂਦੇ ਹਨ। ਸਿੱਲ੍ਹਾ ਮੌਸਮ ਕਈ ਤਰ੍ਹਾਂ ਦੀਆਂ ਬਿਮਾਰੀਆਂ ਵਧਾਉਣ ਲਈ ਵੀ ਜ਼ਿੰਮੇਵਾਰ ਹੁੰਦਾ ਹੈ ਜਿਸ ਨਾਲ ਫਲ ਦੀ ਗੁਣਵੱਤਾ 'ਤੇ ਪ੍ਰਭਾਵ ਪੈਂਦਾ ਹੈ।

ਅੰਜ਼ੀਰ ਨੂੰ ਅਲੱਗ-ਅਲੱਗ ਕਿਸਮਾਂ ਦੀ ਜ਼ਮੀਨ ਉੱਪਰ ਕਾਮਯਾਬੀ ਨਾਲ ਉਗਾਇਆ ਜਾ ਸਕਦਾ ਹੈ। ਜੇਕਰ ਪਾਣੀ ਦਾ ਚੰਗਾ ਨਿਕਾਸ ਉਪਲੱਬਧ ਹੋਵੇ। ਅੰਜ਼ੀਰ ਦੀ ਫਸਲ ਲਈ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਚਾਹੀਦੀ ਹੈ। ਜ਼ਿਆਦਾ ਪਾਣੀ ਵਾਲੀਆਂ ਭਾਰੀਆਂ ਜ਼ਮੀਨਾਂ ਆਮ ਤੌਰ 'ਤੇ ਇਸ ਦੀ ਫਸਲ ਲਈ ਢੁਕਵੀਆਂ ਨਹੀਂ।

**ਉੱਨਤ ਕਿਸਮ** : ਅੰਜ਼ੀਰ ਦੀ ਇੱਕ ਹੀ ਕਿਸਮ ਸਿਫਾਰਿਸ਼ ਕੀਤੀ ਗਈ ਹੈ, ਜਿਸ ਦਾ ਨਾਂ "ਬਰਾਊਨ ਟਰਕੀ" ਹੈ। ਇਸ ਕਿਸਮ ਦੇ ਫਲ ਮਈ ਦੇ ਅਖੀਰਲੇ ਹਫਤੇ ਤੋਂ ਜੂਨ ਦੇ ਅਖੀਰ ਤੱਕ ਪੱਕਦੇ ਹਨ। ਇਸ ਕਿਸਮ ਦੇ ਫਲ ਦਰਮਿਆਨੇ ਤੋਂ ਵੱਡੇ ਆਕਾਰ ਦੇ ਹੁੰਦੇ ਹਨ। ਫਲਾਂ ਦਾ ਰੰਗ ਗੂੜ੍ਹਾ ਬੈਂਗਣੀ ਹੁੰਦਾ ਹੈ। ਫਲ ਦਾ ਗੁੱਦਾ ਗੁਲਾਬੀ ਭੂਰੇ ਰੰਗ ਅਤੇ ਉੱਤਮ ਸੁਗੰਧੀ ਵਾਲਾ ਹੁੰਦਾ ਹੈ। ਫਲ ਦੇ ਥੱਲੇ ਦਰਮਿਆਨੇ ਆਕਾਰ ਦੀ ਅੱਖ ਹੁੰਦੀ ਹੈ ਅਤੇ ਫਲਾਂ ਉੱਪਰ ਗੂੜ੍ਹੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਇਸ ਕਿਸਮ ਨੂੰ ਫਲ ਬਹੁਤ ਲੱਗਦਾ ਹੈ ਅਤੇ ਪ੍ਰਤੀ ਬੂਟਾ ਝਾੜ 53 ਕਿਲੋ ਹੁੰਦਾ ਹੈ।

**ਨਸਲੀ ਵਾਧਾ** : ਨਸਲੀ ਵਾਧੇ ਲਈ ਅੰਜ਼ੀਰ ਦੇ ਬੂਟੇ ਇਕ ਸਾਲ ਪੁਰਾਣੀਆਂ ਸ਼ਾਖਾਂਵਾਂ ਤੋਂ ਜਨਵਰੀ ਵਿੱਚ ਤਿਆਰ ਕੀਤੇ ਜਾਂਦੇ ਹਨ। ਇਸ ਲਈ 30-45 ਸੈਂਟੀਮੀਟਰ ਲੰਬੀਆਂ ਕਲਮਾਂ ਦੀ ਚੋਣ ਕਰੋ, ਜਿਸ ਉੱਪਰ ਘੱਟੋ ਘੱਟ ਤਿੰਨ ਤੋਂ ਚਾਰ ਅੱਖਾਂ ਹੋਣ। ਕਲਮਾਂ ਨੂੰ ਨਰਸਰੀ ਵਿੱਚ ਲਗਾਉਣ ਸਮੇਂ ਹਰ ਕਲਮ ਦਾ ਇਕ ਤਿਹਾਈ ਹਿੱਸਾ ਜ਼ਮੀਨ ਤੋਂ ਬਾਹਰ ਅਤੇ ਦੋ ਤਿਹਾਈ ਹਿੱਸਾ ਜ਼ਮੀਨ ਦੇ ਅੰਦਰ ਦਬਾਉ ਤਾਂ ਜੋ ਸਹੀ ਤਰ੍ਹਾਂ ਨਸਲੀ ਵਾਧਾ ਹੋ ਸਕੇ।



**ਬੂਟੇ ਲਗਾਉਣ ਦਾ ਸਮਾਂ ਅਤੇ ਫਾਸਲਾ** : ਪੰਜਾਬ ਵਿੱਚ ਅੰਜ਼ੀਰ ਦੇ ਬੂਟੇ ਲਗਾਉਣ ਦਾ ਸਮਾਂ ਜਨਵਰੀ-ਫਰਵਰੀ ਹੈ। ਬੂਟੇ 6x6 ਮੀਟਰ ਦੇ ਫਾਸਲੇ ਤੇ ਲਾਏ ਜਾ ਸਕਦੇ ਹਨ। ਬੂਟੇ ਲਗਾਉਣ ਲਈ ਵਰਗਾਕਾਰ ਢੰਗ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ 110 ਬੂਟੇ ਪ੍ਰਤੀ ਏਕੜ ਵਿੱਚ ਲਗਾਏ ਜਾ ਸਕਦੇ ਹਨ।

**ਸਿਧਾਈ ਅਤੇ ਕਾਂਟ-ਛਾਂਟ** : ਅੰਜ਼ੀਰ ਦੀ ਸਿਧਾਈ ਬੂਟੇ ਲਗਾਉਣ ਤੋਂ ਤਿੰਨ ਚਾਰ ਸਾਲ ਅੰਦਰ ਪੂਰੀ ਕਰ ਲੈਣੀ ਚਾਹੀਦੀ ਹੈ। ਸਿਧਾਈ 'ਸੁਧਰੇ ਮੁੱਢ' ਨਾਲ ਕੀਤੀ ਜਾ ਸਕਦੀ ਹੈ। ਸਰਦੀ ਦੇ ਮੌਸਮ ਵਿੱਚ ਹਲਕੀ ਕਾਂਟ-ਛਾਂਟ ਨਾਲ ਨਵੀਆਂ ਸ਼ਾਖਾਂਵਾਂ ਜ਼ਿਆਦਾ ਬਣਦੀਆਂ ਹਨ ਅਤੇ ਭਰਪੂਰ ਫਲ ਲੱਗਦਾ ਹੈ। ਚਲਦੇ ਮੌਸਮ ਦੌਰਾਨ ਫੁੱਟੀਆਂ ਨਵੀਆਂ ਸ਼ਾਖਾ ਦੇ ਪੱਤਿਆਂ ਦੇ ਧੁਰੇ ਵਿੱਚ ਹੀ ਅੰਜ਼ੀਰ ਦਾ ਫਲ ਲਗਦਾ ਹੈ। ਹਰ ਤੀਜੇ ਸਾਲ ਅੰਜ਼ੀਰ ਦੇ ਬੂਟਿਆਂ ਦੀ ਭਰਵੀਂ ਕਟਾਈ ਕਰੋ। ਇਸ ਤੋਂ ਇਲਾਵਾ ਹਰ ਸਾਲ ਦੀਆਂ ਪਤਲੀਆਂ, ਸੁੱਕੀਆਂ, ਟੁੱਟੀਆਂ ਅਤੇ ਬਿਮਾਰ ਟਾਹਣੀਆਂ ਵੀ ਕੱਟ ਦਿਉ ਅਤੇ ਕੱਟੇ ਹੋਏ ਸਿਰਿਆਂ ਤੇ ਬੋਰਡੋ ਪੇਸਟ ਲਗਾ ਦਿਉ।

**ਸਿੰਚਾਈ ਅਤੇ ਖਾਦਾਂ** : ਅੰਜ਼ੀਰ ਦੇ ਬੂਟਿਆਂ ਦੀਆਂ ਜੜ੍ਹਾਂ ਘੱਟ ਡੂੰਘੀਆਂ ਹੋਣ ਕਾਰਨ ਗਰਮ ਅਤੇ ਖੁਸ਼ਕ ਮੌਸਮ ਦੌਰਾਨ ਪਾਣੀ ਦੀ ਕਮੀਂ ਨਾਲ ਨੁਕਸਾਨ ਹੋ ਸਕਦੀ ਹੈ। ਫਲ ਦੇ ਵਾਧੇ ਦੌਰਾਨ ਬੂਟੇ ਦੀ ਹਲਕੀ ਅਤੇ ਬਰਾਬਰ ਸਿੰਚਾਈ ਕਰਨੀ ਚਾਹੀਦੀ ਹੈ। ਜ਼ਿਆਦਾ ਸਿੰਚਾਈ ਮਿੱਟੀ ਦੀ ਨਮੀਂ ਵਧਾ ਦਿੰਦੀ ਹੈ ਜਿਸ ਕਾਰਣ ਫਲ ਫੱਟਣੇ ਸ਼ੁਰੂ ਹੋ ਜਾਂਦੇ ਹਨ। ਫਲ ਦੀ ਪਕਾਈ ਸਮੇਂ ਸਿੰਚਾਈ ਬੰਦ ਕਰ ਦੇਣੀ ਚਾਹੀਦੀ ਹੈ, ਨਹੀਂ ਤਾਂ ਫਲ ਦਾ ਸੁਆਦ ਖਰਾਬ ਹੋ ਜਾਂਦਾ ਹੈ। ਬੂਟੇ ਨੂੰ ਖਾਦਾਂ ਲੋੜ ਅਨੁਸਾਰ ਹੀ ਪਾਓ। ਇੱਕ ਸਾਲ ਦੇ ਬੂਟੇ ਨੂੰ 25 ਕਿਲੋ ਰੂੜੀ ਦੀ ਖਾਦ ਅਤੇ 60 ਗ੍ਰਾਮ ਨਾਈਟ੍ਰੋਜਨ ਖਾਦ ਪ੍ਰਤੀ ਬੂਟੇ ਦੇ ਹਿਸਾਬ ਨਾਲ ਪਾਓ।

**ਫਲਾਂ ਦਾ ਪੱਕਣਾ ਅਤੇ ਤੁੜਾਈ** : ਅੰਜ਼ੀਰ ਦੇ ਫਲਾਂ ਦੀ ਤੁੜਾਈ ਪੂਰਾ ਰੰਗ ਆਉਣ 'ਤੇ ਹੀ ਕਰੋ। ਪੱਕੇ ਫਲ ਦੀ ਨਿਸ਼ਾਨੀ ਹੈ ਕਿ ਉਹ ਥੱਲੇ ਨੂੰ ਸੁੱਕਣਾ ਸ਼ੁਰੂ ਹੁੰਦਾ ਹੈ। ਫਲ ਥੋੜ੍ਹੇ ਸਖਤ ਹੀ ਹੱਥਾਂ ਨਾਲ ਘੁੰਮਾ ਕੇ ਅਤੇ ਖਿੱਚ ਕੇ ਤੋੜੋ। ਤੋੜਾਈ ਸਮੇਂ ਫਲਾਂ ਵਿੱਚੋਂ ਨਿਕਲ ਰਹੇ ਦੁੱਧ ਨਾਲ ਚਮੜੀ ਤੇ ਖਾਰਸ਼ ਹੋ ਸਕਦੀ ਹੈ। ਇਸ ਲਈ ਫਲ ਤੋੜਨ ਵਾਲੇ ਦਸਤਾਨੇ ਪਾਉਣੇ ਚਾਹੀਦੇ ਹਨ। ਦੁੱਧ ਨਾਲ ਫਲ ਦੀ ਚਮੜੀ ਉੱਪਰ ਦਾਗ ਪੈਣ ਤੋਂ ਬਚਾਉਣ ਲਈ ਫਲਾਂ ਦੀ ਸਭ-ਸੰਭਾਲ ਬਹੁਤ ਧਿਆਨ ਨਾਲ ਕਰੋ। ਫਲਾਂ ਨੂੰ ਗੱਤੇ ਦੇ ਡੱਬੇ ਵਿੱਚ ਰੱਖੋ। ਧਿਆਨ ਦਿਉ ਕਿ ਫਲ ਦੋ ਤੋਂ ਵੱਧ ਪਰਤਾਂ ਵਿੱਚ ਨਾ ਰੱਖੋ ਤਾਂ ਜੋ ਫਲ ਦੀ ਗੁਣਵੱਤਾ ਬਰਕਰਾਰ ਰਹਿ ਸਕੇ।

**ਪੌਦ ਸੁਰੱਖਿਆ** :

1. **ਤਣੇ ਦਾ ਗੜੂੰਆ** : ਇਹ ਕੀੜਾ ਕਦੇ-ਕਦੇ ਤਣਿਆਂ ਵਿੱਚ ਮੋਰੀਆਂ ਕਰਕੇ ਤਣੇ ਨੂੰ ਨਕਾਰਾ ਕਰ ਦਿੰਦਾ ਹੈ। ਇਸ ਦੀ ਰੋਕਥਾਮ ਲਈ ਮਿੱਟੀ ਦੇ ਤੇਲ ਦੀ ਵਰਤੋਂ ਕੀਤੀ ਜਾ ਸਕਦੀ ਹੈ।
2. **ਫਲ ਦੀ ਮੱਖੀ** : ਇਹ ਇੱਕ ਖਾਸ ਅਤੇ ਹਾਨੀਕਾਰਕ ਕੀੜਾ ਹੈ। ਫਲ ਦੀ ਮੱਖੀ ਵਧ ਰਹੇ ਫਲ ਦੀ ਬਾਹਰੀ ਛਿੱਲੜ ਤੇ ਅੰਡੇ ਜਮ੍ਹਾਂ ਕਰਦੀ ਹੈ। ਅੰਡੇ ਵਿੱਚੋਂ ਬੱਚੇ ਨਿਕਲਣ ਤੋਂ ਬਾਅਦ ਸੁੰਡੀ ਗੁੱਦੇ ਵਿੱਚ ਦਾਖਲ ਹੋ ਕੇ ਖਾਣਾ ਸ਼ੁਰੂ ਕਰ ਦਿੰਦੀ ਹੈ। ਹਮਲੇ ਵਾਲੇ ਫਲ ਬੇਢੱਬੇ, ਗਲ ਕੇ ਡਿੱਗਣਾ ਸ਼ੁਰੂ ਕਰ ਦਿੰਦੇ ਹਨ। ਨੁਕਸਾਨ ਹੋਏ ਫਲਾਂ ਨੂੰ ਨਸ਼ਟ ਕਰ ਦਿਉ।
3. **ਕੁਤਰਾ** : ਕੁਤਰਾ ਇਕ ਆਮ ਪਾਇਆ ਜਾਣ ਵਾਲਾ ਕੀੜਾ ਹੈ। ਹਮਲਾ ਗੰਭੀਰ ਹੋਣ 'ਤੇ ਸਾਰਾ ਦਰੱਖਤ ਪੱਤਿਆਂ ਤੋਂ ਰਹਿਤ ਹੋ ਜਾਂਦਾ ਹੈ। ਕੀੜਿਆਂ ਅਤੇ ਅੰਡਿਆਂ ਨੂੰ ਇੱਕ ਥਾਂ ਇਕੱਠੇ ਕਰਕੇ ਨਸ਼ਟ ਕਰ ਦਿਉ।



# ਅਜ਼ੋਲਾ ਪਸ਼ੂਆਂ ਦੇ ਲਈ ਚਾਰੇ ਦਾ ਬਦਲ

ਮਧੂ ਸ਼ੈਲੀ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ

★ ਅਜ਼ੋਲਾ ਨੂੰ ਪਸ਼ੂਆਂ ਦੇ ਹਰ ਰੋਜ਼ ਦੇ ਚਾਰੇ ਵਿੱਚ 1:1 (ਬਰਾਬਰ ਮਾਤਰਾ) ਵਿੱਚ ਮਿਲਾ ਕੇ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਪ੍ਰਤੀ ਦਿਨ ਖਵਾਉ ।

★ ਪੋਸ਼ਣ ਨਾਲ ਦੁੱਧ ਦੇ ਉਤਪਾਦਨ ਵਿੱਚ 10-15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ । ਇਸਦੇ ਨਾਲ ਹੀ 20-25 ਪ੍ਰਤੀਸ਼ਤ ਰੋਜ਼ ਦੇ ਚਾਰੇ ਵਿੱਚ ਬੱਚਤ ਵੀ ਹੁੰਦੀ ਹੈ ।

★ ਅਜ਼ੋਲਾ ਪੋਲਟਰੀ ਨੂੰ ਵੀ ਖਵਾਇਆ ਜਾ ਸਕਦਾ ਹੈ । ਇਸ ਨਾਲ ਉਨ੍ਹਾਂ ਦਾ ਵਾਧਾ ਜਲਦੀ ਹੁੰਦਾ ਹੈ, ਹੋਰ ਸਾਧਾਰਨ ਦਾਣਾ ਖਾਣ ਵਾਲੇ ਪੰਛੀਆਂ ਦੀ ਤੁਲਨਾ ਵਿੱਚ ਉਨ੍ਹਾਂ ਦਾ ਭਾਰ 10-12 ਪ੍ਰਤੀਸ਼ਤ ਘੱਟ ਹੁੰਦਾ ਹੈ ।

ਅਜ਼ੋਲਾ ਇਕ ਛੋਟਾ ਪਾਣੀ ਦਾ ਫਰਨ (ਪੌਦਾ) ਹੈ, ਜੋ ਕਿ ਸਥਿਰ ਪਾਣੀ ਦੇ ਉੱਪਰ ਤੈਰਦਾ ਹੈ । ਅਜ਼ੋਲਾ ਨੂੰ ਅਸੀਂ ਘਰ ਵਿਚ ਟੋਆ ਬਣਾ ਕੇ ਤਲਾਬ ਜਾਂ ਝੋਨੇ ਦੇ ਖੇਤਾਂ ਵਿੱਚ ਕਿਤੇ ਵੀ ਉਗਾ ਸਕਦੇ ਹਾਂ । ਇਸ ਨੂੰ ਕਈ ਕਿਸਾਨ ਭਰਾ ਤਾਂ ਘਰ ਦੇ ਪਿੱਛੇ ਟੋਆ ਖੋਦ ਕੇ ਪਲਾਸਟਿਕ ਵਿਛਾ ਕੇ ਉਗਾ ਰਹੇ ਹਨ । ਇਹ ਪਾਣੀ ਵਿੱਚ ਇਕ ਦਮ ਹਰੇ ਰੰਗ ਦਾ ਹੁੰਦਾ ਹੈ । ਅਜ਼ੋਲਾ ਨੂੰ ਸਾਰੇ ਤਰ੍ਹਾਂ ਦੇ ਪਸ਼ੂਆਂ ਦੇ ਨਾਲ-ਨਾਲ ਮੱਛੀਆਂ ਦੇ ਪੋਸ਼ਣ ਦੇ ਰੂਪ ਵਿੱਚ ਵੀ ਤਿਆਰ ਕੀਤਾ ਜਾ ਸਕਦਾ ਹੈ । ਅਜ਼ੋਲਾ ਪਸ਼ੂਆਂ ਦੇ ਲਈ ਹਰੇ ਚਾਰੇ ਦਾ ਵਧੀਆ ਬਦਲ ਹੈ । ਇਸ ਨਾਲ ਦੁਧਾਰੂ ਪਸ਼ੂਆਂ ਦੇ ਦੁੱਧ ਉਤਪਾਦਨ ਵਿੱਚ ਵਾਧਾ ਹੁੰਦਾ ਹੈ, ਨਾਲ ਹੀ ਪਸ਼ੂਆਂ ਦੀ ਪ੍ਰਜਨਣ ਸਮਰੱਥਾ ਨੂੰ ਵੀ ਵਧਾਉਂਦਾ ਹੈ । ਅਜ਼ੋਲਾ ਵਿੱਚ ਸਾਰੇ ਤਰ੍ਹਾਂ ਦੇ ਖਣਿਜ ਪਦਾਰਥ ਜਿਵੇਂ ਕੈਲਸ਼ੀਅਮ, ਆਇਰਨ, ਫਾਸਫੋਰਸ, ਜ਼ਿੰਕ, ਕੋਬਾਲਟ, ਮੈਗਨੀਸ਼ੀਅਮ, ਇਸ ਤੋਂ ਇਲਾਵਾ ਲੋੜੀਂਦੀ ਮਾਤਰਾ ਵਿੱਚ ਵਿਟਾਮਿਨ, ਪ੍ਰੋਟੀਨ, ਅਮੀਨੋ ਐਸਿਡ ਅਤੇ ਹੋਰ ਸੂਖਮ ਖਣਿਜ ਪਦਾਰਥ ਹੁੰਦੇ ਹਨ । ਇਸਨੂੰ ਉਗਾਉਣ ਵਿੱਚ ਕਿਸਾਨਾਂ ਨੂੰ ਕੋਈ ਜ਼ਿਆਦਾ ਖਰਚ ਜਾਂ ਮਿਹਨਤ ਨਹੀਂ ਕਰਨੀ ਪੈਂਦੀ । ਇਸਨੂੰ ਪਸ਼ੂਆਂ ਨੂੰ ਖਵਾਉਣ ਨਾਲ ਦੁੱਧ ਉਤਪਾਦਨ ਵਿੱਚ 10-15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ਅਤੇ ਦੁੱਧ ਵਿੱਚ ਫੈਟ ਦੀ ਮਾਤਰਾ 15 ਪ੍ਰਤੀਸ਼ਤ ਤੱਕ ਵੱਧ ਜਾਂਦੀ ਹੈ ।

ਸ਼ੁਰੂ ਵਿੱਚ ਪਸ਼ੂਆਂ ਨੂੰ ਇਹ ਖਾਣ ਵਿੱਚ ਚੰਗਾ ਨਹੀਂ ਲੱਗਦਾ ਹੈ । ਇਸ ਲਈ ਸ਼ੁਰੂ-ਸ਼ੁਰੂ ਵਿੱਚ ਪਸ਼ੂਆਂ ਨੂੰ ਜ਼ਿਆਦਾ ਮਾਤਰਾ ਵਿੱਚ ਨਹੀਂ ਦੇਣਾ ਚਾਹੀਦਾ, ਹੌਲੀ-ਹੌਲੀ ਉਸਦੀ ਖੁਰਾਕ ਵਿੱਚ ਅਜ਼ੋਲਾ ਦੀ ਮਾਤਰਾ ਵਧਾਉਣੀ ਚਾਹੀਦੀ ਹੈ । ਇਹ ਗਾਂ, ਮੱਝ, ਬੱਕਰੀ, ਮੁਰਗੀ, ਮੱਛੀ ਅਤੇ ਬੱਤਖ ਨੂੰ ਖੁਰਾਕ ਦੇ ਰੂਪ ਵਿੱਚ ਦਿੱਤਾ ਜਾ ਸਕਦਾ ਹੈ । ਅਜ਼ੋਲਾ ਪਸ਼ੂਆਂ ਦੇ ਲਈ ਲਾਭਦਾਇਕ ਹਰਾ ਚਾਰਾ ਹੈ ਕਿਉਂਕਿ ਇਸ ਵਿੱਚ ਯੋਗ ਪ੍ਰੋਟੀਨ ਦੇ ਨਾਲ-ਨਾਲ ਖਣਿਜ ਪਦਾਰਥ ਅਤੇ ਵਿਟਾਮਿਨ ਹੁੰਦੇ ਹਨ ।

ਜਦੋਂ ਕਿਸਾਨ ਭਰਾ ਕਿਸੇ ਪਸ਼ੂ ਨੂੰ ਅਜ਼ੋਲਾ ਖਾਣ ਲਈ ਦੇਣ ਤਾਂ ਸਭ ਤੋਂ ਪਹਿਲਾ ਅਜ਼ੋਲਾ ਨੂੰ ਪਾਣੀ ਨਾਲ ਛਾਣ ਕੇ ਕੱਢੋ ਅਤੇ ਫਿਰ ਇਸਨੂੰ 2-3 ਵਾਰ ਸਾਫ ਪਾਣੀ ਨਾਲ ਧੋ ਲਵੋ, ਉਸਦੇ ਬਾਅਦ ਜਦੋਂ ਪਾਣੀ ਨਿਕਲ ਜਾਵੇ ਤਾਂ ਪਸ਼ੂ ਨੂੰ ਖਾਣ ਦੇ ਲਈ ਦਿਉ । ਇਸਦਾ ਉਤਪਾਦਨ ਕਰਨ ਦੇ ਲਈ ਅਕਤੂਬਰ ਤੋਂ ਮਾਰਚ ਦਾ ਮਹੀਨਾ ਸਭ ਤੋਂ ਵਧੀਆ ਮੰਨਿਆ ਗਿਆ ਹੈ ਕਿਉਂਕਿ ਅਪ੍ਰੈਲ, ਮਈ ਅਤੇ ਜੂਨ ਮਹੀਨੇ ਵਿੱਚ ਅਜ਼ੋਲਾ ਦਾ ਉਤਪਾਦਨ ਘੱਟ ਹੋ ਜਾਂਦਾ ਹੈ । ਪਰੰਤੂ ਛਾਂ ਦਾ ਬੰਦੋਬਸਤ ਕਰ ਦਿੱਤਾ ਜਾਵੇ ਤਾਂ ਅਜ਼ੋਲਾ ਨੂੰ ਹੋਰ ਮਹੀਨਿਆਂ ਵਿੱਚ ਉਗਾਇਆ ਜਾ ਸਕਦਾ ਹੈ ।



**ਅਜ਼ੋਲਾ ਉਗਾਉਣ ਦੀ ਵਿਧੀ :** ਅਜ਼ੋਲਾ ਉਗਾਉਣ ਦੇ ਲਈ ਪੰਜ ਮੀਟਰ ਲੰਬਾ, ਇਕ ਮੀਟਰ ਚੌੜਾ ਅਤੇ 8-10 ਇੰਚ ਗਹਿਰਾ ਪੱਕਾ ਸੀਮਿੰਟ ਦਾ ਟੈਂਕ ਬਣਵਾ ਲਉ । ਟੈਂਕ ਦੀ ਲੰਬਾਈ ਅਤੇ ਚੌੜਾਈ ਲੋੜ ਦੇ ਅਨੁਸਾਰ ਵਧਾ ਅਤੇ ਘਟਾ ਵੀ ਸਕਦੇ ਹਾਂ । ਜੇ ਟੈਂਕ ਨਹੀਂ ਬਣਾ ਸਕਦੇ ਤਾਂ ਜ਼ਮੀਨ ਨੂੰ ਬਰਾਬਰ ਕਰਕੇ ਉਸ ਤੇ ਇੱਟਾਂ ਨੂੰ ਵਿਛਾ ਕੇ ਟੈਂਕ ਨੁਮਾ ਟੋਆ ਬਣਾ ਲਉ, ਟੋਏ ਵਿਚ ਮੋਟੀ ਪੋਲੀਥੀਨ ਨੂੰ ਚਾਰੇ ਪਾਸੇ ਲਗਾ ਕੇ ਇੱਟਾਂ ਆਦਿ ਨਾਲ ਚੰਗੀ ਤਰ੍ਹਾਂ ਦਬਾ ਦਿਉ । ਟੋਆ/ਟੈਂਕ ਕਿਸੇ ਛਾਂਦਾਰ ਜਗ੍ਹਾ ਤੇ ਹੀ ਬਣਾਓ । ਟੋਏ ਜਾਂ ਟੈਂਕ ਵਿੱਚ ਲੱਗਭਗ 40 ਕਿਲੋਗ੍ਰਾਮ ਖੇਤ ਦੀ ਸਾਫ ਸੁਥਰੀ ਭੁਰਭੁਰੀ ਮਿੱਟੀ ਨੂੰ ਪਾ ਦਿਓ । 20 ਲੀਟਰ ਪਾਣੀ ਵਿੱਚ ਦੋ ਦਿਨ 4-5 ਕਿਲੋਗ੍ਰਾਮ ਪੁਰਾਣੇ ਗੋਹੇ ਦਾ ਘੋਲ ਬਣਾ ਕੇ ਅਜ਼ੋਲਾ ਦੇ ਬੈਡ ਤੇ ਪਾ ਦਿਉ । ਗੱਢੇ ਜਾਂ ਟੈਂਕ ਵਿੱਚ 7-10 ਸੈਂਟੀਮੀਟਰ ਪਾਣੀ ਭਰ ਦਿਉ । (ਅਜ਼ੋਲਾ ਦੇ ਚੰਗੇ ਉਤਪਾਦਨ ਦੇ ਲਈ ਗੱਢੇ ਜਾਂ ਟੈਂਕ ਵਿੱਚ ਇਨ੍ਹਾਂ ਪਾਣੀ ਹਮੇਸ਼ਾ ਰੱਖੋ ।

ਇੱਕ ਤੋਂ ਡੇਢ ਕਿਲੋਗ੍ਰਾਮ ਸਾਦਾ ਅਜ਼ੋਲਾ ਕਲਚਰ ਨੂੰ ਪਾਣੀ ਵਿੱਚ ਪਾ ਦਿਓ । (ਇਹ ਗੱਢੇ ਜਾਂ ਟੈਂਕ ਵਿਚ ਇਕ ਵਾਰ ਹੀ ਪਾਉਣਾ ਹੁੰਦਾ ਹੈ । ਉਸਦੇ ਬਾਅਦ ਇਹ ਹੌਲੀ-ਹੌਲੀ ਵਧਣ ਲੱਗਦਾ ਹੈ । 10 ਤੋਂ 12 ਦਿਨ ਵਿੱਚ ਅਜ਼ੋਲਾ ਪਾਣੀ ਦੇ ਉੱਪਰ ਫੈਲ ਜਾਂਦਾ ਹੈ ਅਤੇ ਇਸਦੀ ਮੋਟੀ ਹਰੀ ਚਟਾਈ ਦਿਖਣ ਲੱਗਦੀ ਹੈ । 12 ਦਿਨਾਂ ਦੇ ਬਾਅਦ ਇਕ ਕਿਲੋਗ੍ਰਾਮ ਅਜ਼ੋਲਾ ਪ੍ਰਤੀਦਿਨ ਪਲਾਸਟਿਕ ਦੀ ਛੱਨਣੀ ਨਾਲ ਕੱਢਿਆ ਜਾ ਸਕਦਾ ਹੈ । ਹਫਤੇ ਵਿੱਚ ਇਕ ਵਾਰ ਗੋਹੇ ਪਾਣੀ ਦਾ ਘੋਲ ਬਣਾ ਕੇ ਗੱਢੇ ਜਾਂ ਟੈਂਕ ਵਿੱਚ ਜ਼ਰੂਰ ਪਾਉਂਦੇ ਰਹੋ । ਪਸ਼ੂਆਂ ਨੂੰ ਖਵਾਉਣ ਤੋਂ ਪਹਿਲਾਂ ਅਜ਼ੋਲਾ ਨੂੰ ਪਾਣੀ ਵਿਚੋਂ ਕੱਢਣ ਤੋਂ ਬਾਅਦ ਚੰਗੀ ਤਰ੍ਹਾਂ ਸਾਫ ਕਰ ਲਵੋ, ਜਿਸ ਨਾਲ ਗੋਹੇ ਦੀ ਗੰਧ ਨਾ ਆਵੇ ।

ਅਜ਼ੋਲਾ ਨੂੰ ਪਸ਼ੂਆਂ ਦੇ ਹਰ ਰੋਜ਼ ਦੇ ਚਾਰੇ ਵਿੱਚ 1:1 (ਬਰਾਬਰ ਮਾਤਰਾ) ਵਿੱਚ ਮਿਲਾ ਕੇ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਪ੍ਰਤੀਦਿਨ ਖਵਾਉ । ਖੋਜ ਨੇ ਸਾਬਿਤ ਕੀਤਾ ਹੈ ਕਿ ਮਿਲਣ ਵਾਲੇ ਪੋਸ਼ਣ ਨਾਲ ਦੁੱਧ ਦੇ ਉਤਪਾਦਨ ਵਿੱਚ 10-15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ । ਇਸਦੇ ਨਾਲ ਹੀ 20-25 ਪ੍ਰਤੀਸ਼ਤ ਰੋਜ਼ ਦੇ ਚਾਰੇ ਵਿੱਚ ਬੱਚਤ ਵੀ ਹੁੰਦੀ ਹੈ । ਅਜ਼ੋਲਾ ਪੋਲਟਰੀ ਨੂੰ ਵੀ ਖਵਾਇਆ ਜਾ ਸਕਦਾ ਹੈ । ਇਸ ਨਾਲ ਉਨ੍ਹਾਂ ਦਾ ਵਾਧਾ ਜਲਦੀ ਹੁੰਦਾ ਹੈ, ਹੋਰ ਸਾਧਾਰਨ ਦਾਣਾ ਖਾਣ ਵਾਲੇ ਪੰਛੀਆਂ ਦੀ ਤੁਲਨਾ ਵਿੱਚ ਉਨ੍ਹਾਂ ਦਾ ਭਾਰ 10-12 ਪ੍ਰਤੀਸ਼ਤ ਘੱਟ ਹੁੰਦਾ ਹੈ ।

ਖਾਸ ਜਾਣਕਾਰੀ ਦੇ ਲਈ ਆਪਣੇ ਨੇੜਲੇ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਕ੍ਰਿਸ਼ੀ ਯੂਨੀਵਰਸਿਟੀ ਨੂੰ ਸੰਪਰਕ ਕਰੋ ਜਿੱਥੋਂ ਤੁਹਾਨੂੰ ਅਜ਼ੋਲਾ ਦਾ ਬੀਜ ਵੀ ਮਿਲ ਸਕਦਾ ਹੈ ।

**ਸਾਰਣੀ 1 : ਅਜ਼ੋਲਾ ਦੇ ਪੋਸ਼ਕ ਤੱਤ**

| ਪੋਸ਼ਕ ਤੱਤ | ਮਾਤਰਾ |
|---|---|
| ਪ੍ਰੋਟੀਨ | 18-23 ਪ੍ਰਤੀਸ਼ਤ |
| ਫਾਈਬਰ | 13-15 ਪ੍ਰਤੀਸ਼ਤ |
| ਫੈਟ | 4-5 ਪ੍ਰਤੀਸ਼ਤ |
| ਕੈਲਸ਼ੀਅਮ | 1.5-2 ਪ੍ਰਤੀਸ਼ਤ |
| ਫਾਸਫੋਰਸ | 0.3-0.5 ਪ੍ਰਤੀਸ਼ਤ |
| ਪੋਟਾਸ਼ੀਅਮ | 2.5-3 ਪ੍ਰਤੀਸ਼ਤ |
| ਕਾਪਰ | 9.1 ਪੀ.ਪੀ.ਐਮ |
| ਮੈਗਨੀਜ਼ | 2418 ਪੀ.ਪੀ.ਐਮ |
| ਜ਼ਿੰਕ | 325 ਪੀ.ਪੀ.ਐਮ |
| ਆਇਰਨ | 1569 ਪੀ.ਪੀ.ਐਮ |
| ਕੋਬਾਲਟ | 8.11 ਪੀ.ਪੀ.ਐਮ |
| ਕ੍ਰੋਮੀਅਮ | 5.06 ਪੀ.ਪੀ.ਐਮ |

ਨੋਟ : 6x4 ਅਕਾਰ ਦੇ ਤਲਾਬ ਵਿੱਚ ਅਜ਼ੋਲਾ ਉਗਾਉਣ ਲਈ 1-1.5 ਕਿੱਲੋ ਨਵੇਂ ਅਜ਼ੋਲਾ ਕਲਚਰ ਦੀ ਲੋੜ ਹੁੰਦੀ ਹੈ ।

**ਸਾਰਣੀ 2 : ਪਸ਼ੂਆਂ ਨੂੰ ਅਜ਼ੋਲਾ ਖੁਵਾਉਣ ਦੀ ਮਾਤਰਾ**

| ਪਸ਼ੂ | ਮਾਤਰਾ |
|---|---|
| ਗਾਂ, ਮੱਝ ਤੇ ਬਲਦ | 1.5-2 ਕਿੱਲੋ/ਦਿਨ |
| ਬੱਕਰੀ | 250-500 ਗ੍ਰਾਮ/ਦਿਨ |
| ਮੁਰਗੀ/ਮੁਰਗਾ | 25-30 ਗ੍ਰਾਮ/ਦਿਨ |

# ਫੱਗਣ ਮਹੀਨੇ ਦਾ ਸਰਦ ਰੁੱਤ ਨੂੰ ਅਲਵਿਦਾ !



ਹਰਮਨਪ੍ਰੀਤ ਸਿੰਘ,
ਸਰਹਿੰਦ, ਜ਼ਿਲ੍ਹਾ ਫਤਹਿਗੜ੍ਹ ਸਾਹਿਬ,
ਸੰਪਰਕ : 98550-10005

ਬਿਕਰਮੀ ਸੰਮਤ ਮੁਤਾਬਿਕ ਫੱਗਣ ਮਹੀਨਾ ਸਾਲ ਦਾ ਦੇਸੀ ਮਹੀਨਾ ਬਾਰ੍ਹਵਾਂ ਬਣਦਾ ਹੈ । ਇਸ ਮਹੀਨੇ ਨੂੰ ਫਲਗੁਣਿ ਵੀ ਕਿਹਾ ਜਾਂਦਾ ਹੈ, ਇਸ ਮਹੀਨੇ ਅੰਬੀਆਂ ਨੂੰ ਬੂਰ, ਕਣਕਾਂ ਨੂੰ ਸਿੱਟੇ ਤੇ ਫੁੱਲ ਬੂਟਿਆਂ ਨੂੰ ਨਵੀਆਂ ਕਰੂੰਬਲਾਂ ਫੁੱਟ ਕੁਦਰਤ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀਆਂ ਨਜ਼ਰੀ ਆਉਂਦੀਆਂ ਹਨ । ਇਸ ਮਹੀਨੇ ਸਰ੍ਹੋਂ ਦੇ ਖੇਤ ਇਸ ਤਰ੍ਹਾਂ ਨਜ਼ਰੀਂ ਪੈਂਦੇ ਹਨ ਜਿਵੇਂ ਕੁਦਰਤ ਦੀ ਇਸ ਕਾਇਨਾਤ ਨਾਲ ਕੋਈ ਗੁਫਤਗੂ ਕਰ ਰਹੇ ਹੋਣ । ਇਸ ਫੱਗਣ ਮਹੀਨੇ ਦੀ ਆਮਦ ਨਾਲ ਫੁੱਲ, ਬੂਟਿਆਂ 'ਤੇ ਬਹਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ । ਫੱਗਣ ਮਹੀਨੇ ਸਰਦ ਰੁੱਤ ਨੂੰ ਅਲਵਿਦਾ ਕਰ ਮੌਸਮ ਗਰਮ ਰੁੱਤ ਵੱਲ ਵਧਣ ਲੱਗਦਾ ਹੈ । ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ ਅਤੇ ਮਹਾਂਸ਼ਿਵਰਾਤਰੀ ਦਾ ਤਿਉਹਾਰ ਵੀ ਇਸੇ ਮਹੀਨੇ ਆਉਂਦਾ ਹੈ । ਗਰਮ ਰੁੱਤ ਵੱਲ ਵਧਦੇ ਫੱਗਣ ਮਹੀਨੇ ਦੇ ਅਖੀਰ ਹੁੰਦੇ-ਹੁੰਦੇ ਭਾਰਤ ਦੇ ਕਈ ਹਿਸਿਆਂ 'ਚ ਹੋਲੀ ਦੀ ਸ਼ੁਰੂਆਤ ਹੋ ਜਾਂਦੀ ਹੈ ਅਤੇ ਫੱਗਣ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਜਿਨ੍ਹਾਂ ਮੁਟਿਆਰਾਂ ਦੇ ਮਾਹੀ ਪ੍ਰਦੇਸੀ ਹੋਏ ਹੋਣ, ਉਹ ਮੁਟਿਆਰਾਂ ਮਾਹੀ ਦੇ ਮਿਲਾਪ ਦੀ ਤਾਂਘ 'ਚ ਤੜਪਦੀਆਂ ਜਾਪਦੀਆਂ ਹਨ ਤੇ ਬਾਰਾਂਮਾਹ 'ਚ ਹਿਦਾਇਤਉਲਾ ਜੀ ਕਹਿੰਦੇ ਹਨ :

**ਚੜ੍ਹਿਆ ਫੱਗਣ ਕੰਧੀ ਲੱਗਣ ਉਕਰ ਰਹੀ ਦਿਨ ਥੋੜੇ ਨੀ ।**
**ਨਾਲ ਪੀਆ ਦੇ ਖੇਡਾਂ ਹੋਲੀ ਏਹ ਮੇਰਾ ਦਿਲ ਲੋੜੇ ਨੀ ।**
**ਐਸਾ ਕੌਣ ਕੱਢਾਂ ਮੈਂ ਦਰਦੀ ਜਾ ਉਸ ਨੂੰ ਹੱਥ ਜੋੜੇ ਨੀ ।**
**ਤਾਂ ਸੁਹਾਗਣ ਬਣਾਂ ਹਿਦਾਇਤ ਜੇ ਸ਼ਹੁ ਵਾਗਾਂ ਮੋੜੇ ਨੀ ॥ 12 ॥ 1 ॥**

ਅੱਧ ਫਰਵਰੀ ਤੋਂ ਅੱਧ ਮਾਰਚ ਦਾ ਇਹ ਫੱਗਣ ਮਹੀਨਾ ਕਿਸੇ ਸਾਲ 30 ਦਿਨਾਂ ਦਾ ਤੇ ਕਿਸੇ ਸਾਲ 31 ਦਿਨਾਂ ਦਾ ਹੋ ਨਿੱਬੜਦਾ ਹੈ । ਇਸ ਮਹਿਨੇ ਜਿੱਥੇ ਦਿਨੇ ਸੂਰਜ ਦੀਆਂ ਕਿਰਨਾਂ ਨਾਲ ਫੁੱਲ, ਬੂਟਿਆਂ 'ਤੇ ਨਿਖਾਰ ਆਉਣ ਨਾਲ ਚੌਗਿਰਦਾ ਮਹਿਕ ਉੱਠਦਾ ਹੈ ਅਤੇ ਕੁਦਰਤ ਚਾਰੇ ਪਾਸੇ ਮਨਮੋਹਕ ਦ੍ਰਿਸ਼ ਪੇਸ਼ ਕਰਦੀ ਨਜ਼ਰ ਆਉਂਦੀ ਹੈ, ਉੱਥੇ ਹੀ ਰਾਤਾਂ ਨੂੰ ਮਿੰਨੀ-ਮਿੰਨੀ ਚੱਲਦੀ ਹਵਾ, ਖੁੱਲ੍ਹੇ ਅਸਮਾਨ 'ਚ ਕਿਤੇ ਬੱਦਲੀ ਦਾ ਟੋਟਾ, ਅਸਮਾਨੀ ਟਿਮ-ਟਿਮਾਉਂਦਾ ਕੋਈ-ਕੋਈ ਤਾਰਾ ਤਾਂ ਸ਼ਾਂਤ ਟਿਕੀ ਰਾਤ ਇਉਂ ਜਾਪਦੀ ਹੈ ਜਿਵੇਂ ਧਰਤ ਨੂੰ ਆਪਣੇ ਕਲਾਵੇ 'ਚ ਲੈ ਲੋਰੀਆਂ ਸੁਣਾਉਂਦੀ ਹੋਵੇ । ਫੱਗਣ ਮਹੀਨੇ ਦੇ ਇਹ ਕੁਦਰਤੀ ਨਜ਼ਾਰੇ ਮਨੁੱਖੀ ਮਨ ਅੰਦਰ ਵੀ ਕੁਦਰਤੀ ਨਿਖਾਰ ਲਿਆਉਣ ਦਾ ਕੰਮ ਕਰਦੇ ਹਨ, ਬਸ਼ਰਤੇ ਮਨੁੱਖੀ ਮਨ ਨੂੰ ਮਲ ਨਾਲ ਇਹ ਕੁਦਰਤ ਦੀ ਕਾਇਨਾਤ ਨਾਲ ਮੋਹ ਪਾ ਇਕ-ਮਿਕ ਹੋਣਾ ਪਵੇਗਾ । ਭਾਰਤ ਦੀਆਂ ਮੁੱਖ ਛੇ ਰੁੱਤਾਂ 'ਚੋਂ ਬਸੰਤ ਰੁੱਤ ਨੂੰ ਸਭ ਤੋਂ ਮਨਮੋਹਣੀ ਰੁੱਤ ਮੰਨਿਆ ਜਾਂਦਾ ਹੈ ਤੇ ਇਹ ਬਹਾਰ ਦੀ ਰੁੱਤ ਇਸ ਫੱਗਣ ਮਹੀਨੇ 'ਚ ਹੀ ਆਉਂਦੀ ਹੈ । ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਰੁੱਤਾਂ, ਤਿੱਥ, ਤਿਉਹਾਰ, ਅਖਾਣ, ਕਹਾਣੀਆਂ, ਕਹਾਵਤਾਂ, ਟੱਪੇ, ਛੰਦ, ਬੈਂਤ, ਬੋਲੀਆਂ ਅਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈ ਸੂਫੀ-ਸੰਤ-ਫਕੀਰ, ਸਾਹਿਤਕਾਰਾਂ ਨੇ ਤਿੱਥ ਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਰਿਹਾ ਹੈ । ਉਨ੍ਹਾਂ ਦੀਆਂ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਅਤੇ ਤਿਉਹਾਰ ਆਪਸੀ ਸਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਬਿਆਨ ਕੀਤੇ ਹਨ, ਜਿਵੇਂ ਚੱਲ ਰਹੇ ਬਹਾਰ ਦੀ ਰੁੱਤ ਫੱਗਣ ਦੇ ਮਹੀਨੇ ਤੇ ਅੰਮ੍ਰਿਤਾ ਪ੍ਰੀਤਮ ਜੀ ਆਪਣੀ ਇੱਕ ਕਵਿਤਾ 'ਚ ਕਹਿੰਦੇ ਹਨ :

**ਰੰਗ ਦੇ ਦੁਪੱਟਾ ਮੇਰਾ, ਰੁੱਤੇ ਨੀ ਲਲਾਰਣੇ ।**
**ਅੱਜ ਮੈਂ ਲੋਕਾਈ, ਉੱਤੋਂ ਸਾਰੇ ਰੰਗ ਵਾਰਨੇ ।**
**ਇਕ ਸੁਪਨੇ ਵਰਗਾ ਰੰਗ, ਕਿ ਰੰਗ ਗੁਲਾਬ ਦਾ ।**
**ਇਕ ਕੱਚਾ ਸੂਹਾ ਰੰਗ, ਸੋਹਲਵੇਂ ਸਾਲ ਦਾ ।**
**ਇਕ ਪੱਕਾ ਸੂਹਾ ਰੰਗ, ਕਿ ਰੰਗ ਖਿਆਲ ਦਾ ।**
**ਇਹ ਦੋ ਰੁੱਤਾਂ ਦਾ ਮੇਲ, ਹੁਨਾਲ ਸਿਆਲ ਦਾ ।**



# ਪਿੱਪਲਾ ਵੇ ਮੇਰੇ ਪਿੰਡ ਦਿਆ, ਤੇਰੀਆਂ ਠੰਢੀਆਂ ਛਾਂਵਾਂ...

ਅੱਜ ਸ਼ਹਿਰਾਂ ਤਾਂ ਕੀ ਪਿੰਡਾਂ ਵਿੱਚ ਵੀ ਘਰ-ਘਰ ਇੰਟਰਨੈੱਟ ਤੇ ਸਮਾਰਟ ਫੋਨਾਂ ਨੇ ਕਰੋੜਾਂ ਦੀ ਜਨਸੰਖਿਆ ਵਾਲੇ ਦੇਸ਼ ਵਿੱਚ ਹਰ ਬੱਚੇ, ਜਵਾਨ ਤੋਂ ਲੈ ਕੇ ਬਜ਼ੁਰਗ ਤੱਕ ਨੂੰ ਇਕੱਲੇ ਰਹਿਣ ਦੀ ਆਦਤ ਪਾ ਦਿੱਤੀ ਹੈ । ਕਿਸੇ ਵੇਲੇ ਲੋਕ ਦਿਨ ਦਾ ਜ਼ਿਆਦਾਤਰ ਸਮਾਂ ਸੱਥਾਂ,

**ਡਾ. ਲਖਵਿੰਦਰ ਸਿੰਘ ਲੱਖੇਵਾਲੀ**

ਦਰਵਾਜ਼ਿਆਂ, ਖੂਹਾਂ-ਟੋਭਿਆਂ 'ਤੇ ਲੱਗੇ ਪਿੱਪਲ ਵਰਗੇ ਵਿਸ਼ਾਲ ਰੁੱਖਾਂ ਹੇਠ ਇਕੱਠੇ ਗੁਜ਼ਾਰਦੇ ਸਨ । ਮੁਟਿਆਰਾਂ ਗੀਟੇ ਖੇਡਣ ਤੋਂ ਲੈ ਕੇ ਕਿੱਕਲੀ ਪਾਉਣਾ, ਪੀਂਘਾਂ ਝੂਟਣੀਆਂ, ਚਾਦਰਾਂ ਕੱਢਣੀਆਂ, ਚਰਖੇ ਕੱਤਣੇ ਆਦਿ ਅਤੇ ਗੱਭਰੂਆਂ ਦੀ ਬਜ਼ੁਰਗਾਂ ਨਾਲ ਰਲ ਤਾਸ਼ ਖੇਡਣਾ, ਪਿੰਡ ਤੋਂ ਲੈ ਕੇ ਦੇਸ਼ ਤੱਕ ਦੀ ਰਾਜਨੀਤੀ ਵਿਚਾਰਨਾ, ਗੱਲਾਂ ਕਰਦੇ-ਕਰਦੇ ਵਾਣ ਵੱਟਣਾ, ਮੰਜੇ ਬੁਣਨਾ ਆਦਿ ਘਰੇਲੂ ਕੰਮ, ਅਮਲੀਆਂ ਦਾ ਆਉਂਦੀ-ਜਾਂਦੀ ਨੂੰ ਟਿੱਚਰ ਕਰਨਾ, ਸਭ ਕੁੱਝ ਪਿੱਪਲਾਂ-ਬੋਹੜਾਂ ਵਰਗੇ ਰੁੱਖਾਂ ਹੇਠ ਹੀ ਹੁੰਦਾ ਸੀ । ਸਾਉਣ ਮਹੀਨੇ ਤੀਆਂ ਦੇ ਦਿਨੀਂ ਤਾਂ ਇਨ੍ਹਾਂ ਰੁੱਖਾਂ ਹੇਠ ਮੁਟਿਆਰਾਂ ਖੂਬ ਹੱਸਦੀਆਂ-ਖੇਡਦੀਆਂ ਸਨ, ਅਤੇ ਉਨ੍ਹਾਂ ਦੇ ਸਹੁਰੇ ਜਾਣ ਮਗਰੋਂ ਵੀ ਰੁੱਖ ਦਿਲ-ਦਿਮਾਗ ਵਿੱਚ ਰਹਿੰਦੇ ਸਨ । ਪਿੱਪਲਾਂ ਦਾ ਸਾਡੀ ਰੋਜ਼ਮਰਾ ਜ਼ਿੰਦਗੀ ਵਿੱਚ ਜੁੜੇ ਹੋਣ ਸਬੰਧੀ ਅਨੇਕਾ ਸਾਹਿਤਕ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ :

- ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ,
ਤੇਰੀਆਂ ਠੰਢੀਆਂ ਛਾਂਵਾਂ ।
ਢਾਬ ਤੇਰੀ ਦਾ ਗੰਧਲਾ ਪਾਣੀ,
ਉੱਤੋਂ ਬੂਰ ਹਟਾਵਾਂ ।
- ਪਿੱਪਲੀ ਤੇ ਦੋ ਪੀਂਘਾਂ ਪਾਈਆਂ,
ਦੋ ਮੁਟਿਆਰਾਂ ਝੂਟਣ ਆਈਆਂ,
ਪੀਂਘ ਚੜ੍ਹਾਈ, ਵੰਗ ਟਕਰਾਈ,
ਜੋੜਾ ਟੁੱਟ ਗਿਆ ਵੰਗਾਂ ਦਾ ਮੈਂ ਆਸ਼ਕ ਹੋ ਗਈ ਵੇ ਰਾਂਝਣਾ,
ਪੀੜ੍ਹ ਵੇਖ ਕੇ ਦੰਦਾਂ ਦਾ ।

ਪਿੱਪਲ ਦਾ ਸਬੰਧ ਸਾਡੇ ਸਾਹਿਤ-ਸਭਿਆਚਾਰ ਤੱਕ ਹੀ ਸੀਮਿਤ ਨਹੀਂ, ਬਲਕਿ ਹਿੰਦੂ ਧਰਮ ਦੀਆਂ ਅਨੇਕਾਂ ਮਿਥਿਹਾਸਿਕ ਵੰਨਗੀਆਂ ਵਿੱਚ ਇਸ ਰੁੱਖ ਦਾ ਜ਼ਿਕਰ ਮਿਲਦਾ ਹੈ । ਗੀਤਾਂ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਕਿ, ''ਰੁੱਖਾਂ ਵਿੱਚ ਮੈਂ ਪਿੱਪਲ ਹਾਂ ।'' ਹਿੰਦੂ ਧਰਮ ਵਿੱਚ ਇਸ ਨੂੰ ਬ੍ਰਹਮਾ ਦਾ ਅਵਤਾਰ ਮੰਨਿਆ ਜਾਂਦਾ ਹੈ । ਇਸੇ ਤਰ੍ਹਾਂ ਇਸ ਦਾ ਸਬੰਧ ਵਿਸ਼ਨੂੰ ਮਹਾਰਾਜ ਨਾਲ ਵੀ ਜੋੜਿਆ ਜਾਂਦਾ ਹੈ । ਦਰਅਸਲ ਇਸ ਰੁੱਖ ਦੀ ਪੂਜਾ ਪੁਰਾਤਨ ਵੇਲੇ ਤੋਂ ਹੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਪਵਿੱਤਰ ਤੇ ਪੂਜਣਯੋਗ ਰੁੱਖ ਮੰਨਿਆ ਜਾਂਦਾ ਹੈ ।

ਪਿੱਪਲਾ ਵੇ ਹਰਿਔਲਿਆ ਤੇਰਾ ਪੂਜਾਂ ਮੁੱਢ
ਤੈਨੂੰ ਪੂਜ ਕੇ ਪਿੱਪਲਾ ਮੈਂ ਕਦੀ ਨਾ ਪਾਵਾਂ ਦੁੱਖ ।

ਪਿੱਪਲ ਦੀ ਪਹਿਚਾਣ ਵਿਸ਼ਵ ਪੱਧਰ 'ਤੇ ਉਦੋਂ ਬਣੀ ਜਦੋਂ ਗੌਤਮ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਇਸ ਰੁੱਖ ਹੇਠ ਹੋਈ । ਇਸੇ ਮਹਾਨਤਾ ਸਦਕਾ ਪਿੱਪਲ ਅੱਜ ਸੰਸਾਰ ਦੇ ਜ਼ਿਆਦਾਤਰ ਦੇਸ਼ਾਂ ਵਿੱਚ 'ਬੋਧੀ ਰੁੱਖ' ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਸ੍ਰੀਲੰਕਾ ਵਿੱਚ ਮੌਜੂਦ ਤਕਰੀਬਨ 2000 ਸਾਲ ਤੋਂ ਵੀ ਪੁਰਾਤਨ ਰੁੱਖ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਦੀ ਉਮਰ ਆਮ ਰੁੱਖਾਂ ਨਾਲੋਂ ਕਾਫੀ ਜ਼ਿਆਦਾ ਹੁੰਦੀ ਹੈ । ਭਾਰਤੀ ਲੋਕ ਕਥਾਵਾਂ ਵਿੱਚ ਪਿੱਪਲ ਨੂੰ ਬੋਹੜ ਦੀ ਮਾਦਾ, ਯਾਨੀ ਪਤਨੀ ਮੰਨਿਆ ਜਾਂਦਾ ਹੈ ਅਤੇ ਲੋਕ ਰੀਤੀ-ਰਿਵਾਜਾਂ ਅਨੁਸਾਰ ਇਸ ਦਾ ਵਿਆਹ 'ਨਿੰਮ' ਨਾਲ ਵੀ ਕਰਦੇ ਹਨ । ਹਿੰਦੂ ਅਤੇ ਬੋਧੀ ਲੋਕਾਂ ਵਿੱਚ ਇਸ ਦੀ ਮੰਨਤ ਐਨੀ ਜ਼ਿਆਦਾ ਹੁੰਦੀ ਹੈ ਕਿ ਲੋਕ ਇਸ ਦੇ ਮੁੱਢ ਜਾਂ ਟਾਹਣੀਆਂ ਤੱਕ ਨੂੰ ਵੀ ਕੱਟਣਾ ਪਾਪ ਸਮਝਦੇ ਹਨ ।

ਹੋਰਨਾਂ ਧਰਮਾਂ ਤੋਂ ਇਲਾਵਾ ਸਿੱਖ ਧਰਮ ਵਿੱਚ ਵੀ ਪਿੱਪਲ ਦੇ ਰੁੱਖ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ । ਇੱਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਨਾਨਕ ਮਤੇ ਵਿਖੇ ਨੈਨੀਤਾਲ ਦੀ ਤਹਿਸੀਲ ਸਤਾਰਗੰਜ ਅੰਦਰ ਹੈ, ਜਿਸ ਨੂੰ ਪਿੱਪਲ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ । ਕਿਸੇ ਸਮੇਂ ਇਸ ਜ਼ਮੀਨ ਵਿੱਚ ਇੱਥੇ ਗੋਰਖ-ਪੰਥੀ ਨਾਥ-ਜੋਗੀਆਂ ਦਾ ਮਠ ਹੋਇਆ ਕਰਦਾ ਸੀ । ਇਸ ਤੋਂ ਇਲਾਵਾ ਇੱਕ ਹੋਰ ਗੁਰਦੁਆਰਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਿਤ ਹੈ, ਜਿਸ ਨੂੰ ਗੁਰਦੁਆਰਾ ਪਿੱਪਲੀ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਸਥਾਨ ਪੁਤਲੀਘਰ, ਅੰਮ੍ਰਿਤਸਰ ਵਿਖੇ ਹੈ ਅਤੇ ਇੱਕ ਹੋਰ ਗੁਰਦੁਆਰਾ ਪਿੱਪਲੀ ਸਾਹਿਬ, ਬਿਲਗਾ ਜ਼ਿਲ੍ਹਾ ਜਲੰਧਰ ਵਿਖੇ ਵੀ ਸਥਿਤ ਹੈ ।

ਵਿਸ਼ਾਲ ਘੇਰੇ, ਉੱਚਾਈ ਵਾਲੇ ਇਸ ਪੱਤਝੜੀ ਰੁੱਖ ਦੇ ਸਰਦੀ ਦੇ ਦਿਨਾਂ ਵਿੱਚ ਪੱਤੇ ਝੜ ਜਾਂਦੇ ਹਨ । ਪਿੱਪਲ ਦੇ ਪੱਤਿਆਂ ਦੀ ਖੜ੍ਹ-ਖੜ੍ਹ ਦਾ ਜ਼ਿਕਰ ਲੋਕ ਗੀਤਾਂ ਵਿੱਚ ਅਕਸਰ ਸੁਣਨ ਨੂੰ ਮਿਲਦਾ ਹੈ :

ਪਿੱਪਲ ਦਿਆ ਪੱਤਿਆ ਤੇਰੇ ਪੱਤ ਨੇ ਸਾਵੇ ਵੇ,
ਨਿੱਤ ਕੁਰਲਾਵਾਂ ਬੀਬਾ, ਮੈਂ ਤੇਰੇ ਹਾਵੇ ਵੇ ।
ਪਿੱਪਲ ਦਿਆ ਪੱਤਿਆ ਵੇ ਕੇਹੀ ਖੜ-ਖੜ ਲਾਈ ਆ,
ਪੱਤੇ ਬੜੇ ਮੁਰਝਾਏ ਵੇ, ਰੁੱਤ ਨਵਿਆਂ ਦੀ ਆਈ ਆ ।

ਮਾਰਚ ਮਹੀਨੇ ਦੇ ਅਖੀਰ ਜਾਂ ਅਪ੍ਰੈਲ ਦੇ ਸ਼ੁਰੂਆਤੀ ਦਿਨਾਂ ਵਿੱਚ ਨਿਕਲੇ ਨਵੇਂ ਗੁਲਾਬੀ ਅਤੇ ਤਾਂਬੇ ਰੰਗੇ ਪੱਤੇ ਲਿਸ਼ਕਾਂ ਮਾਰਦੇ ਰੁੱਖ ਨੂੰ ਖੂਬਸੂਰਤ ਬਣਾਉਂਦੇ ਹਨ । ਪਿੱਪਲ ਦੇ ਅੰਡਾਕਾਰ, ਦਿਲ ਦੀ ਸ਼ਕਲ ਵਾਲੇ ਅਤੇ ਲੰਬੀ-ਪਤਲੀ ਪੂਛ ਜਿਹੀ ਵਾਲੇ ਹਲਕੇ ਪੱਤੇ ਵੀ ਇਸ ਦੀ ਅਲੱਗ ਪਹਿਚਾਣ ਹਨ । ਹਲਕੀ ਜਿਹੀ ਹਵਾ ਨਾਲ ਪੱਤਿਆਂ ਦੀ ਹੁੰਦੀ ਖੜ-ਖੜ ਜੇਠ-ਹਾੜ੍ਹ ਦੀਆਂ ਧੁੱਪਾਂ ਵਿੱਚ ਪਿੱਪਲ ਹੇਠਾਂ ਸੁੱਤੇ ਇਨਸਾਨ ਨੂੰ ਲੋਰੀ ਦੇਣ ਦਾ ਅਹਿਸਾਸ ਕਰਵਾਉਂਦੀ ਹੈ । ਪਿੱਪਲ ਦੇ ਫੁੱਲਾਂ ਸਾਰੇ ਸੋਚਣ 'ਤੇ ਇੱਕ ਸਵਾਲ ਉੱਠਦਾ ਹੈ ਕਿ ਕੀ ਤੁਸੀਂ ਪਿੱਪਲ ਦੇ ਫੁੱਲਾਂ ਨੂੰ ਵੇਖਿਆ ਹੈ? ਇਹ ਬੜੀ ਰੋਚਕ ਗੱਲ ਹੈ ਕਿਉਂਕਿ ਪਿੱਪਲ ਨੂੰ ਲੱਗਣ ਵਾਲੀਆਂ ਗੋਲ੍ਹਾਂ ਅਸਲ ਵਿੱਚ ਫਲ ਨਹੀਂ ਹੁੰਦੀਆਂ, ਬਲਕਿ ਉਹ ਇੱਕ ਅਜਿਹਾ ਖੋਲ ਜਾਂ ਭਾਂਡਾ ਹੁੰਦੀਆਂ ਹਨ, ਜਿਸ ਵਿੱਚ ਫੁੱਲ ਅਤੇ ਫਲ ਦੋਨੋਂ ਪਾਏ ਜਾਂਦੇ ਹਨ । ਗੋਲ੍ਹਾਂ ਪਿੱਪਲ-ਬੋਹੜ ਅਤੇ ਗੂਲਰ ਆਦਿ ਸਭ ਇੱਕੋ-ਜਾਤੀ ਦੇ ਰੁੱਖ ਹੋਣ ਕਰਕੇ ਸਭਨਾਂ 'ਤੇ ਨਜ਼ਰ ਆਉਂਦੀਆਂ ਹਨ ।

ਪਿੱਪਲਾਂ ਉੱਤੇ ਆਈਆਂ ਬਹਾਰਾਂ,
ਬੋਹੜਾਂ ਨੂੰ ਲੱਗ ਗਈਆਂ ਗੋਲ੍ਹਾਂ ।
ਛੱਡ ਕੇ ਨਾ ਜਾਈਂ ਮਿੱਤਰਾ,
ਦਿਲ ਦੇ ਬੋਲ ਮੈਂ ਬੋਲਾਂ ।

ਗੋਲਾਂ ਸ਼ੁਰੂ ਦੇ ਦਿਨਾਂ ਵਿੱਚ ਲਾਲ ਅਤੇ ਪੱਕ ਕੇ ਹੌਲੀ-ਹੌਲੀ ਗੂੜ੍ਹੇ ਜਾਮਣੀ ਰੰਗ ਦੀਆਂ ਹੋ ਜਾਂਦੀਆਂ ਹਨ । ਅਨੇਕਾਂ ਤਰ੍ਹਾਂ ਦੇ ਪੰਛੀ ਇਨ੍ਹਾਂ ਗੋਲ੍ਹਾਂ ਨੂੰ ਖਾਣਾ ਬਹੁਤ ਪਸੰਦ ਕਰਦੇ ਹਨ ਅਤੇ ਇਨ੍ਹਾਂ ਪੰਛੀਆਂ ਦੀਆਂ ਬਿੱਠਾਂ ਰਾਹੀਂ ਹੀ ਪਿੱਪਲ ਦੇ ਬੀਜ ਅਨੇਕਾਂ ਰੁੱਖਾਂ, ਇਮਾਰਤਾਂ ਵਿੱਚ ਪੁੱਜ ਜਾਂਦੇ ਹਨ, ਜਿਨ੍ਹਾਂ ਤੋਂ ਬਾਅਦ ਵਿੱਚ ਪਿੱਪਲ ਉੱਗੇ ਵਿਖਾਈ ਦਿੰਦੇ ਹਨ । ਪਿੱਪਲ ਦੀਆਂ ਵਧੀਆਂ ਹੋਈਆਂ ਜੜ੍ਹਾਂ ਇਮਾਰਤਾਂ ਵਿੱਚ ਤਰੇੜਾਂ ਪਾ ਦਿੰਦੀਆਂ ਹਨ । ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਪਿੱਪਲ ਨਹੀਂ ਲਗਾਉਣਾ ਚਾਹੀਦਾ, ਬਲਕਿ ਖੁੱਲ੍ਹੀਆਂ ਥਾਂਵਾਂ 'ਤੇ ਵਿਉਂਤਬੰਦੀ ਅਨੁਸਾਰ ਹੀ ਲਗਾਉਣਾ ਚਾਹੀਦਾ ਹੈ । ਬੀਜ ਅਤੇ ਕਲਮ ਦੋਨਾਂ ਤਰੀਕਿਆਂ ਰਾਹੀਂ ਅਸੀਂ ਇਸ ਰੁੱਖ ਪੌਦ ਤਿਆਰ ਕਰ ਸਕਦੇ ਹਾਂ ।

ਛਾਂ ਦੀ ਪ੍ਰਾਪਤੀ ਤੋਂ ਇਲਾਵਾ ਪਿੱਪਲ ਦੇ ਸੱਕ ਤੋਂ ਮਸੂੜਿਆਂ ਦੇ ਰੋਗ, ਚਮੜੀ ਰੋਗ, ਕਬਜ਼, ਅਸਥਮਾ ਯਾਨੀ ਸਾਹ ਰੋਗ, ਬਾਂਝਪਣ, ਨਕਸੀਰ ਫੁੱਟਣਾ ਆਦਿ ਅਨੇਕ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ । ਪਿੱਪਲ ਦੇ ਪੱਤੇ ਚਾਰੇ ਦੇ ਰੂਪ ਵਿੱਚ ਸੁਕਾ ਕੇ ਕਲਾ ਦੇ ਕੰਮਾਂ ਵਿੱਚ ਖੂਬ ਵਰਤੇ ਜਾਂਦੇ ਹਨ । ਪਿੱਪਲ ਦੇ ਮਾਮਲੇ ਵਿੱਚ ਇੱਕ ਅਹਿਮ ਗੱਲ ਇਸ ਲੇਖ ਰਾਹੀਂ ਸਾਂਝੀ ਕਰਨੀ ਲਾਜ਼ਮੀ ਹੈ ਕਿ ਪਿੱਪਲ ਸਾਡੇ ਸਭਨਾਂ ਲਈ ਪੂਜਣਯੋਗ ਰੁੱਖ ਹੈ ਅਤੇ ਇਸ ਵਿੱਚ ਕੋਈ ਸ਼ੱਕ ਵੀ ਨਹੀਂ, ਪਰ ਕਈਂ ਵਾਰ ਇਸ ਰੁੱਖ ਨੂੰ ਪੂਜਣ ਸਮੇਂ ਤੇਲ ਵੀ ਅਰਪਣ ਕੀਤਾ ਜਾਂਦਾ ਹੈ, ਜੋ ਸਮਾਂ ਪਾ ਕੇ ਰੁੱਖ ਖਤਮ ਹੋਣ ਦਾ ਕਾਰਨ ਬਣਦਾ ਹੈ । ਪੂਜਾ ਕਰਨ ਦਾ ਇਹ ਵੀ ਤਰੀਕਾ ਅਪਣਾਇਆ ਜਾ ਸਕਦਾ ਹੈ ਕਿ ਅਸੀਂ ਪੁਰਾਣੇ ਲੱਗੇ ਰੁੱਖਾਂ ਨੂੰ ਕੱਟਣ ਤੋਂ ਗੁਰੇਜ਼ ਕਰੀਏ, ਨਵੇਂ ਅਤੇ ਢੁੱਕਵੇਂ ਸਥਾਨਾਂ 'ਤੇ ਵਿਉਂਤਬੰਦੀ ਅਨੁਸਾਰ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਸਾਡੇ ਪਿੰਡਾਂ-ਸ਼ਹਿਰਾਂ ਵਿੱਚ ਕੁਦਰਤੀ ਅਤੇ ਹਰਿਆਵਲ ਭਰਪੂਰ ਮਾਹੌਲ ਬਣਿਆ ਰਹੇ । ਲੋਕ ਆਪਣੇ ਗਲੀ-ਮੁਹੱਲਿਆਂ ਵਿੱਚ ਇਨ੍ਹਾਂ ਨੂੰ ਹਮੇਸ਼ਾਂ ਤੋਂ ਨਿਹਾਰਦੇ ਅਤੇ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਲਿਆਉਂਦੇ ਰਹਿਣ । ਕਿੰਨਾ ਚੰਗਾ ਹੋਵੇ ਜੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਆਪਣੇ ਘਰ ਆਉਂਦਿਆਂ ਨੂੰ ਇਨ੍ਹਾਂ ਬੋਲਾਂ ਰਾਹੀਂ ਘਰਾਂ ਦੀ ਨਿਸ਼ਾਨੀ ਦੱਸਣ :

ਬਾਜ਼ਾਰ ਵਿਕੇਂਦੀ ਤਰ ਵੇ,
ਮੇਰਾ ਸਾਹਮਣੀ ਗਲੀ ਵਿੱਚ ਘਰ ਵੇ,
ਪਿੱਪਲ ਨਿਸ਼ਾਨੀ, ਜੀਵੇਂ ਢੋਲਾ ।
ਢੋਲ ਜਾਨੀ,
ਸਾਡੀ ਗਲੀ ਆਵੇ, ਤੇਰੀ ਮਿਹਰਬਾਨੀ ।

# ਮੇਹਨਤੀ ਸਿਰੜੀ ਖੁੱਲੇ ਜੁੱਸੇ ਦੇ ਮਾਲਕਾਂ ਨੂੰ ਨਜ਼ਰ ਲੱਗ ਗਈ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਮੇਹਨਤ ਦੇ ਨਾਲ ਪਿਆਰ ਕਰਨ ਵਾਲੇ ਸਿਰੜੀ ਠਰਮੇਂ ਦੇ ਆਦਿ ਸਹਿਣਸ਼ੀਲਤਾ ਪਿਆਰ ਸੰਤੋਖ ਦੇ ਵਫਾਦਾਰ ਦੁਖ ਸੁਖ ਵਿਚ ਸਾਂਝਾ ਨਿਭਾਉਣ ਵਾਲੇ, ਹਰ ਕਾਰਜ ਨੂੰ ਸਿਰੇ ਲਗਾਉਣ ਵਾਲੇ ਅਤੇ ਦਰਿਆਵਾਂ ਦੇ ਧਰਤੀ ਤੇ ਬਸੇਰਾ ਕਰਨ ਵਾਲੇ ਅਤੇ ਕੁਦਰਤ ਦੇ ਨਜ਼ਦੀਕੀ ਅਤੇ ਰੁੱਖੀ ਸੁੱਕੀ ਖਾ ਠੰਢਾ ਪਾਣੀ ਪੀਣ ਵਾਲੇ ਅਤੇ ਉਸ ਅੱਲਾ ਰਬ ਦਾ ਸ਼ੁਕਰੀਆ ਕਰਨ ਵਾਲੇ ਅਤੇ ਧੀਆਂ ਭੈਣਾਂ ਦੇ ਰਖਵਾਲੀ ਕਰਨ ਵਾਲੇ ਅਤੇ ਸੱਚ ਹੱਕ ਤੇ ਮਰ ਮਿਟਣ ਦੇ ਪ੍ਰਤੀਕ, ਧਰਮ ਮਜਬਾਂ ਦੇ ਵਫਾਦਾਰ ਪਹਿਰੇਦਾਰ, ਦਿਲ ਦੇ ਸੱਚੇ ਸੋਨੇ ਵਰਗੇ, ਸਾਦਗੀ ਜੀਵਨ ਦੇ ਧਾਰਨੀ, ਰਲ ਕੇ ਮਿਲਕੇ ਮਦਦਗਾਰ ਬੰਨਣ ਵਾਲੇ ਲੋਕ ਕਿਸ ਪਾਸੇ ਚਲੇ ਗਏ । ਅਜ ਖੇੜਿਆਂ ਭਰਪੂਰ ਪੰਜਾਬ ਨੂੰ ਕਿਸਦੀਆਂ ਭੈੜੀਆਂ ਨਜ਼ਰਾਂ ਫੜ ਲਿਆ ਹੈ । ਮਾਰਧਾੜਾਂ ਲੁੱਟਾਂ ਖੋਹਾਂ ਹਿੰਸਾਵਾਂ, ਨਸ਼ਿਆਂ ਦਾ ਸਾਇਆ ਬਹੁਤ ਕੁਝ ਗੁਜ਼ਰ ਰਿਹਾ ਹੈ । ਸਾਡੇ ਵੱਡੇ ਵਡੇਰਿਆਂ ਬਾਬਿਆਂ ਨੇ ਕਦੇ ਸੋਚਿਆ ਹੋਵੇਗਾ ਕਿ ਵੱਸਦੇ ਰੱਸਦੇ ਪੰਜਾਬ ਨੂੰ ਮਾੜੀਆਂ ਨਜ਼ਰਾਂ ਖਾ ਜਾਣਗੀਆਂ । ਘੁੱਗ ਵਸਦੇ ਰੰਗਲੇ ਪੰਜਾਬ ਨੂੰ ਕਿਸਨੇ ਨਜ਼ਰ ਲਾਈ, ਗੁਰੂਆਂ ਪੀਰਾਂ ਦੀ ਧਰਤੀ ਅਜਿਹੇ ਸੰਕਟ ਵਿਚੋਂ ਲੰਘ ਰਹੀ ਹੈ । ਜਿੰਨਾ ਨੂੰ ਗੁਰੂਆਂ ਦੀ ਛੋਹ ਨਸੀਬ ਸੀ । ਅੱਜ ਬੱਚਿਆਂ ਨੂੰ ਪੰਡਾਂ ਖਰਚ ਕੇ, ਕੋਈ ਆਪਣੇ ਜਾਇਦਾਦ ਵੇਚ ਵਿਦੇਸ਼ਾਂ ਨੂੰ ਭੇਜ ਰਹੇ ਹਨ । ਇੰਨੀ ਰਕਮ ਨਾਲ ਇਥੇ ਕਾਰੋਬਾਰ ਆਰੰਭ ਕਰ ਲਿਆ ਜਾਵੇ ਨਾਲੇ ਪੁੱਤ ਧੀ ਅੱਖਾਂ ਦੇ ਸਾਹਮਣੇ ਰਹਿਣ ਅਤੇ ਦੁੱਖ ਸੁੱਖ ਵਿਚ ਸਹਾਰਾ ਬਨਣਗੇ । ਭਟਕੇ ਨੌਜਵਾਨਾਂ ਨੂੰ ਨਸ਼ਾ ਕੇਂਦਰਾਂ ਦੀ ਨਹੀਂ ਸਲਾਹ ਕੇਂਦਰ ਦੀ ਜ਼ਰੂਰਤ ਹੈ । ਇਕੱਲਾ ਸਰਕਾਰਾਂ ਤੇ ਦੋਸ਼ ਲਾਉਣ ਨਾਲ ਗੱਲ ਸਿਰੇ ਨਹੀਂ ਚੜਦੀ ਸਾਰਿਆਂ ਰਲ ਮਿਲਕੇ ਹੰਭਲਾ ਮਾਰਨ ਦੀ ਲੋੜ ਹੈ । ਸਮਾਜਿਕ ਸੰਸਥਾਵਾਂ ਤੇ ਭਲਾ ਚਾਹੁਣ ਵਾਲੇ ਲੋਕਾਂ ਨੂੰ ਅੱਗੇ ਆਉਣਾ ਪਾਵੇਗਾ । ਮੇਰੇ ਪੰਜਾਬ ਨੂੰ ਚੰਦਰੀ ਸਿਆਸਤ ਨੇ ਖਾ ਲਿਆ ।



# ਚੁਣੌਤੀਆਂ ਦੇ ਸਫਰ ਦੀ ਮਿਸਾਲ ਹੈ ਪਰਿੰਦਿਆਂ ਦਾ ਪ੍ਰਵਾਸ

ਭੁਪਿੰਦਰਵੀਰ ਸਿੰਘ
ਮੋਬਾਈਲ : 99149-57073

ਪ੍ਰਵਾਸ ਇਕ ਅਜਿਹਾ ਲੰਬਾ ਸਫਰ ਹੈ ਜੋ ਸਜੀਵ ਪ੍ਰਾਣੀਆਂ ਵਲੋਂ ਆਪਣੇ ਜੀਵਨ ਦੀ ਚਾਲ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੁੰਦਾ ਹੈ। ਸਮਾਂ, ਹਾਲਾਤ ਜਾਂ ਵਾਤਾਵਰਨ ਕਦੀ ਕਦਾਈਂ ਅਜਿਹਾ ਉਲਟ ਮਾਹੌਲ ਪੈਦਾ ਕਰ ਦਿੰਦੇ ਹਨ, ਜਿਸ ਕਾਰਨ ਜਾਨਵਰਾਂ, ਪਸ਼ੂ-ਪੰਛੀਆਂ ਅਤੇ ਮਨੁੱਖ ਨੂੰ ਦਾਣਿਆਂ ਦੀ ਭਾਲ ਜਾਂ ਜੀਵਨ ਨੂੰ ਹੋਰ ਕਰੋਪੀਆਂ ਤੋਂ ਬਚਾਉਣ ਲਈ ਇਕ ਥਾਂ ਤੋਂ ਦੂਸਰੀ ਥਾਂ ਵੱਲ ਜਾਣਾ ਪੈਂਦਾ ਹੈ। ਪ੍ਰਵਾਸ ਭਾਵ ਮਾਈਗ੍ਰੇਸ਼ਨ ਸ਼ਬਦ ਲਾਤੀਨੀ ਭਾਸ਼ਾ ਤੋਂ ਆਇਆ ਹੈ। ਪੰਛੀਆਂ ਵਿਚ ਇਹ ਦੋ ਤਰਫੀ ਪ੍ਰਕਿਰਿਆ ਹੁੰਦੀ ਹੈ ਜੋ ਕਿ ਆਪਣੇ ਨਿੱਜ ਘਰ ਤੋਂ ਦੂਸਰੀ ਥਾਂ ਕਿਸੇ ਉਦੇਸ਼ ਪੂਰਤੀ ਲਈ ਜਾਣਾ ਤੇ ਫਿਰ ਸਮਾਂ ਪਾ ਕੇ ਆਪਣੇ ਟਿਕਾਣੇ 'ਤੇ ਵਾਪਸ ਆ ਜਾਣਾ। ਅੱਜ ਗੱਲ ਕਰ ਰਹੇ ਹਾਂ, ਪੰਛੀਆਂ ਦੇ ਪ੍ਰਵਾਸ ਦੀ ਜੋ ਸਾਡੇ ਦੇਸ਼ ਵਿਚ ਦੂਜੇ ਦੇਸ਼ਾਂ ਤੋਂ ਆਉਂਦੇ ਹਨ। ਦੂਸਰੇ ਦੇਸ਼ਾਂ ਵਿਚ ਜਦੋਂ ਸੀਤ ਹਵਾਵਾਂ ਚਲਦੀਆਂ ਹਨ, ਮੌਸਮ ਬਹੁਤ ਜ਼ਿਆਦਾ ਠੰਢਾ ਅਤੇ ਚੁਣੌਤੀ ਭਰਪੂਰ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਪੰਛੀਆਂ ਦੀਆਂ ਕਈ ਅਜਿਹੀਆਂ ਪ੍ਰਜਾਤੀਆਂ ਹਨ ਜਿਨ੍ਹਾਂ ਦੇ ਜੀਵਨ ਅਤੇ ਪ੍ਰਜਨਣ ਦੇ ਅਨੁਕੂਲ ਮੌਸਮ ਨਾ ਰਹਿ ਕੇ ਉਨ੍ਹਾਂ ਲਈ ਦੁਸ਼ਵਾਰ ਹੋ ਜਾਂਦਾ ਹੈ ਤਾਂ ਅਜਿਹੇ ਹਾਲਾਤ 'ਚ ਪੰਛੀਆਂ ਨੂੰ ਮਜ਼ਬੂਰਨ ਹਜ਼ਾਰਾਂ ਕਿਲੋਮੀਟਰ ਦਾ ਸੰਘਰਸ਼ਪੂਰਨ ਸਫਰ ਤੈਅ ਕਰ ਕੇ ਦੂਸਰੇ ਦੇਸ਼ਾਂ ਵੱਲ ਨੂੰ ਉਡਾਰੀ ਮਾਰਨੀ ਪੈਂਦੀ ਹੈ। ਪੰਛੀ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਪ੍ਰਵਾਸੀ ਪੰਛੀ ਅਤੇ ਦੂਜੇ ਪੱਕੇ ਵਸਨੀਕ ਜੋ ਕਿ ਆਪਣੇ ਆਪ ਨੂੰ ਹਰ ਮੌਸਮ ਵਿਚ ਜਿਊਂਦਾ ਰੱਖਣ ਲਈ ਯਤਨਸ਼ੀਲ ਹੁੰਦੇ ਹਨ। ਪ੍ਰਵਾਸ ਕਈ ਪ੍ਰਕਾਸ ਦਾ ਹੁੰਦਾ ਹੈ ਜਿਵੇਂ ਕਿ ਵਰਟੀਕਲ ਪ੍ਰਵਾਸ। ਇਹ ਉਹ ਪੰਛੀ ਕਰਦੇ ਹਨ ਜੋ ਕਿ ਬਹੁਤ ਹੀ ਉੱਚੀਆਂ ਚੋਟੀਆਂ 'ਤੇ ਰਹਿੰਦੇ ਹਨ। ਜਦੋਂ ਹੱਦੋਂ ਬੇਹੱਦ ਜ਼ਿਆਦਾ ਠੰਢਾ ਮੌਸਮ ਹੁੰਦਾ ਹੈ ਤਾਂ ਇਹ ਪੰਛੀ ਉੱਪਰੋਂ ਧਰਾਤਲ ਵੱਲ ਆ ਜਾਂਦੇ ਹਨ। ਇਹ ਘੱਟ ਦੂਰੀ ਦਾ ਪ੍ਰਵਾਸ ਹੁੰਦਾ ਹੈ। ਦੂਜਾ ਪ੍ਰਵਾਸ ਦਿਸ਼ਾਵਾਂ ਵੱਲ ਹੁੰਦਾ ਹੈ ਜੋ ਕਿ ਲੰਬਾ ਸਫਰ ਹੁੰਦਾ ਹੈ। ਇਹ ਪੂਰਬ ਤੋਂ ਪੱਛਮ ਜਾਂ ਪੱਛਮ ਤੋਂ ਪੂਰਵ ਵੱਲ ਨੂੰ ਹੁੰਦਾ ਹੈ ਜਿਸ ਨੂੰ ਲੌਂਗੀਟਿਊਟਨਲ ਪ੍ਰਵਾਸ ਵੀ ਕਿਹਾ ਜਾ ਸਕਦਾ ਹੈ। ਕਈ ਪੰਛੀਆਂ ਦਾ ਪ੍ਰਵਾਸ ਉੱਤਰ ਤੋਂ ਦੱਖਣ ਜਾਂ ਦੱਖਣ ਤੋਂ ਉੱਤਰ ਵੱਲ ਹੁੰਦਾ ਹੈ। ਇਸ ਨੂੰ ਲੈਟੀਟਿਊਟਨਲ ਪ੍ਰਵਾਸ ਵੀ ਕਹਿ ਸਕਦੇ ਹਾਂ। ਅਜਿਹਾ ਪ੍ਰਵਾਸ ਮੌਸਮੀ ਹੀ ਹੁੰਦਾ ਹੈ ਜੋ ਕਿ ਠੰਢ-ਗਰਮੀ ਦੇ ਨਿਰਧਾਰਤ ਹੁੰਦਾ ਹੈ। ਦਹਾਕਿਆਂ ਦੀਆਂ ਖੋਜਾਂ ਦੇ ਮਾਹਿਰਾਂ ਨੇ ਇਨ੍ਹਾਂ ਪਰਿੰਦਿਆਂ ਦੇ ਪ੍ਰਵਾਸ ਲਈ ਵਰਤੇ ਜਾਂਦੇ ਰਸਤਿਆਂ ਬਾਰੇ ਪਤਾ ਲਾਇਆ ਹੈ। ਤਕਰੀਬਨ ਅੱਠ ਤੋਂ ਦਸ ਰਸਤੇ ਅਜਿਹੇ ਪਾਏ ਗਏ ਜਿਨ੍ਹਾਂ ਰਾਹੀਂ ਪ੍ਰਵਾਸੀ ਪੰਛੀ ਬਹੁਤਾ ਕਰਕੇ ਹਿਜਰਤ ਕਰਦੇ ਹਨ, ਇਨ੍ਹਾਂ ਨੂੰ 'ਇੰਟਰਨੈਸ਼ਨਲ ਉੱਡਣ ਰਸਤੇ' ਵੀ ਕਿਹਾ ਜਾਂਦਾ ਹੈ। ਹਿਜਰਤ ਕਰਕੇ ਆਉਣ ਵਾਲੇ ਸਾਡੇ ਦੇਸ਼ ਵਿਚ ਕੂੰਜ ਨਾਅ ਦਾ ਬਹੁਤ ਮਸ਼ਹੂਰ ਪ੍ਰਵਾਸੀ ਪਰਿੰਦਾ ਹੈ। ਇਹ ਅੰਗਰੇਜ਼ੀ ਦੇ ਅੱਖਰ 'ਵੀ' ਆਕਾਰ ਵਿਚ ਉਡਦੇ ਦੇਖੇ ਜਾ ਸਕਦੇ ਹਨ। ਇਸਦਾ ਜਿਕਰ ਗੀਤਾ ਅਤੇ ਕਵਿਤਾਵਾਂ ਵਿਚ ਵੀ ਮਿਲਦਾ ਹੈ। ਗੁਰਬਾਣੀ ਵੀ ਇਨ੍ਹਾਂ ਪੰਛੀਆਂ ਦੇ ਪ੍ਰਵਾਸ ਦੌਰਾਨ ਉਨ੍ਹਾਂ ਦੇ ਬੱਚਿਆਂ ਨੂੰ ਭੋਜਨ ਪ੍ਰਾਪਤੀ ਅਤੇ ਜੀਵਨ ਜਿਊਣ ਦੀ ਊਰਜਾ ਦਾ ਵਰਨਣ ਕਰਦੀ ਹੈ।

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ ॥

ਪ੍ਰਵਾਸੀ ਪੰਛੀ ਲਗਭਵ ਸੱਤ-ਅੱਠ ਹਜ਼ਾਰ ਕਿਲੋਮੀਟਰ ਤੋਂ ਵੀ ਲੰਬਾ ਸਫਰ ਤੈਅ ਕਰਦੇ ਹਨ। ਹੁਣ ਇਹ ਵੀ ਸਵਾਲ ਪੈਦਾ ਹੁੰਦਾ ਹੈ ਕਿ ਪੰਛੀ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਿਵੇਂ ਕਰਦੇ ਹਨ, ਕਿਹੜੀਆਂ ਹਾਲਤਾਂ ਹਨ, ਜੋ ਇਨ੍ਹਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਸਾਇੰਸਦਾਨ ਮੰਨਦੇ ਹਨ ਕਿ ਦਿਨ ਵੇਲੇ ਇਹ ਪੰਛੀ ਸੂਰਜ ਨੂੰ ਕੰਪਾਸ ਦੀ ਤਰ੍ਹਾਂ ਵਰਤ ਕੇ ਦਿਸ਼ਾਵਾਂ ਦਾ ਗਿਆਨ ਲੈਂਦੇ ਹਨ ਅਤੇ ਰਾਤ ਸਮੇਂ ਇਹ ਪੰਛੀ ਧਰਤੀ ਦੀ ਚੁੰਬਕੀ ਸ਼ਕਤੀ ਅਤੇ ਤਾਰਿਆਂ ਦਾ ਸਹਾਰਾ ਲੈ ਕੇ ਸਹੀ ਰਸਤੇ ਨੂੰ ਚੁਣਦੇ ਹਨ। ਇਸ ਤੋਂ ਇਲਾਵਾ ਅਜਿਹੇ ਪੰਛੀਆਂ ਨੂੰ ਕੁਦਰਤ ਵਲੋਂ ਅੰਦਰੂਨੀ ਯੋਗਦਾ ਵੀ ਬਖਸ਼ੀ ਗਈ ਹੈ ਜੋ ਇਲ੍ਹਾਂ ਨੂੰ ਹਿਜਰਤ ਕਰਨ ਵਿਚ ਸਹਾਇਕ ਹੁੰਦੀ ਹੈ। ਹਰ ਵਾਰ ਅਜਿਹਾ ਵੀ ਨਹੀਂ ਹੁੰਦਾ ਕਿ ਨਵੇਂ ਪਰਿੰਦੇ ਪੁਰਾਣੇ ਤਜਰਬੇਕਾਰ ਪਰਿੰਦਿਆਂ ਨਾਲ ਹੀ ਪ੍ਰਵਾਸ ਕਰਨਗੇ। ਜਦੋਂ ਨਵੇਂ ਪਰਿੰਦੇ ਆਪਣਾ ਪਹਿਲਾ ਪ੍ਰਵਾਸ ਕਰਦੇ ਹਨ ਤਾਂ ਵੀ ਉਹ ਬਿਲਕੁਲ ਸਹੀ ਦਿਸ਼ਾ ਅਤੇ ਸਹੀ ਟਿਕਾਣੇ 'ਤੇ ਪੁੱਜਦੇ ਹਨ। ਇਹ ਗੁਣ ਇਨ੍ਹਾਂ ਨੂੰ ਕੁਦਰਤ ਵਲੋਂ ਬਖਸ਼ੇ ਗਏ ਹਨ।

ਭਾਰਤ ਵਿਚ ਵੀ ਇਹ ਪਰਿੰਦੇ ਬਹੁਤ ਥਾਵਾਂ 'ਤੇ ਆ ਕੇ ਪ੍ਰਜਨਣ ਅਤੇਆਰਾਮ ਕਰਦੇ ਹਨ। ਅਜਿਹੀਆਂ ਥਾਵਾਂ ਨੂੰ ਵੈੱਟਲੈਂਡ ਕਿਹਾ ਜਾਂਦਾ ਹੈ। ਯੂਨੈਸਕੋ ਵਲੋਂ ਵੀ ਇਨ੍ਹਾਂ ਪ੍ਰਜਾਤੀਆਂ ਨੂੰ ਲੁਪਤ ਹੋਣ ਤੋਂ ਬਚਾਉਣ ਲਈ ਵੈੱਟਲੈਂਡਜ਼ ਨੂੰ ਬਚਾਉਣ ਲਈ ਈਰਾਨ ਦੇ ਸ਼ਹਿਰ ਰਾਮਸਰ ਵਿਖੇ 2 ਫਰਵਰੀ 1971 ਵਿਚ ਹੋਰ ਦੇਸ਼ਾਂ ਨਾਲ ਮਿਲ ਕੇ ਇਕ ਸੰਧੀ ਕੀਤੀ ਗਈ ਸੀ ਜਿਸ ਨੂੰ ਰਾਮਸਰ ਕਨਵੈਨਸ਼ਨ ਕਿਹਾ ਜਾਂਦਾ ਹੈ। ਭਾਰਤ ਵਿਚ ਮੌਜੂਦਾ ਸਮੇਂ ਵਿਚ ਲੱਗਭਗ 75 ਰਾਮਸਰ ਸਾਈਟਜ਼ ਹਨ। ਜੇ ਪੰਜਾਬ ਦੇ ਵੈੱਟਲੈਂਡਜ਼ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚ ਛੇ ਅਜਿਹੇ ਖੇਤਰ ਹਨ। ਜਿਹੜੇ ਰੋਪੜ, ਹਰੀਕੇ, ਕਾਂਝਲੀ, ਬਿਆਸ, ਨੰਗਲ ਅਤੇ ਕੇਸ਼ੋਪੁਰ-ਮਿਆਣੀ ਦੇ ਖੇਤਰ ਹਨ। ਕੁਝ ਹਰੀਕੇ ਝੀਲ 'ਤੇ ਅਜਿਹੇ ਪੰਛੀਆਂ ਦੀ ਆਮਦ ਹੋ ਚੁੱਕੀ ਹੈ ਜੋ ਕਿ ਰੂਸ, ਸਾਈਬੇਰੀਆ, ਮੰਗੋਲੀਆ ਅਤੇ ਹੋਰ ਵੱਖ-ਵੱਖ ਦੇਸ਼ਾਂ ਤੋਂ ਆਉਂਦੇ ਹਨ, ਜਿਨ੍ਹਾਂ ਦੇਸ਼ਾਂ ਵਿਚ ਝੀਲਾਂ ਵਿਚ ਬਰਫ ਜੰਮਣ ਕਾਰਨ ਭੋਜਨ, ਰਹਿਣਾ, ਪ੍ਰਜਨਣ ਹੋਰ ਕਿਰਿਆਵਾਂ ਸੰਭਵ ਨਹੀਂ ਹੋ ਸਕਦੀਆਂ। ਉਂਝ ਤਾਂ ਭਾਰਤ ਵਿਚ ਬਹੁਤ ਪ੍ਰਜਾਤੀਆਂ ਦੇ ਪਰਿੰਦੇ ਪ੍ਰਦੇਸ਼ਾਂ ਤੋਂ ਹਿਜਰਤ ਕਰ ਕੇ ਆਉਂਦੇ ਹਨ ਜੋ ਕਿ ਹਰ ਸਾਲ ਆਉਂਦੇ ਹਨ। ਭਾਰਤ ਤੋਂ ਬਿਨਾਂ ਇਹ ਪੰਛੀ ਪਾਕਿਸਤਾਨ ਤੇ ਹੋਰ ਮੁਲਕਾਂ 'ਚ ਆਪਣਾ ਸਫਰ ਪੂਰਾ ਕਰਦੇ ਹਨ। ਜੇ ਹਰੀਕੇ ਝੀਲ ਦੀ ਗੱਲ ਕੀਤੀ ਜਾਵੇ ਤਾਂ ਤਕਰੀਬਨ 40,000 ਤੋਂ ਜ਼ਿਆਦਾ ਪੰਛੀਆਂ ਦੀ ਆਮਦ ਇਸ ਸਥਾਨ 'ਤੇ ਹੁੰਦਾ ਹੈ। ਸੈਲਾਨੀ ਦੂਰ-ਦੁਰਾਡੇ ਤੋਂ ਆ ਕੇ ਇਨ੍ਹਾਂ ਦੀ ਮਨਮੋਹਕ ਚਹਿਲ-ਪਹਿਲ ਤੇ ਅਦਭੁੱਤ ਨਜ਼ਾਰੇ ਦਾ ਅਨੰਦ ਮਾਣਦੇ ਹਨ। ਇਹ ਪਰਿੰਦੇ ਪ੍ਰਵਾਸ ਕਰਨ ਤੋਂ ਪਹਿਲਾਂ ਆਪਣੇ ਸਰੀਰ ਵਿਚ ਆਪਣੇ ਲੰਬੇ ਸਫਰ ਲਈ ਫੈਟ ਜਮ੍ਹਾ ਕਰ ਲੈਂਦੇ ਹਨ ਜੋ ਕਿ ਸਫਰ ਦੌਰਾਨ ਉੱਡਣ ਲਈ ਊਰਜਾ ਪੈਦਾ ਕਰਨ ਦੇ ਕੰਮ ਆਉਂਦੀ ਹੈ। ਬਹੁਤੇ ਪ੍ਰਵਾਸੀ ਪੰਛੀ 30,000 ਫੁੱਟ ਤੋਂ ਜ਼ਿਆਦਾ ਉੱਚਾਈ 'ਤੇ ਹੀ ਉੱਡਦੇ ਹਨ। ਅੰਗਰੇਜ਼ੀ ਦੇ 'ਵੀ' ਆਕਾਰ ਦੀ ਆਕ੍ਰਿਤੀ ਵਿਚ ਉੱਡਣ ਨਾਲ ਇਨ੍ਹਾਂ ਨੂੰ ਇਕ ਦੂਜੇ ਦੁਆਰਾ ਵਰਤੀ ਜਾਂਦੀ ਹਵਾ ਨਾਲ ਮਦਦ ਮਿਲਦੀ ਹੈ ਜਿਸ ਸਦਕਾ ਇਨ੍ਹਾਂ ਪਰਿੰਦਿਆਂ ਦੀ ਕਾਫੀ ਊਰਜਾ ਬਚ ਜਾਂਦੀ ਹੈ। ਇਸ ਤਰ੍ਹਾਂ ਸਾਰੇ ਪੰਛੀ ਵਾਰੀ ਵਾਰੀ ਲੀਡਰ ਬਣ ਕੇ ਬਾਕੀਆਂ ਨੂੰ ਊਰਜਾ ਬਚਾਉਣ ਲਈ 'ਵੀ' ਆਕਾਰ ਦੇ ਵਿਚ ਉੱਡਣ ਵਿਚ ਸਹਿਯੋਗ ਕਰਦੇ ਹਨ। ਕਈ ਹੋਰ ਦੇਸ਼ਾਂ ਵਿਚਲੇ ਪ੍ਰਵਾਸੀ ਪੰਛੀ ਜਦੋਂ ਆਪਣੀ ਮੰਜ਼ਿਲ 'ਤੇ ਪੁੱਜਦੇ ਹਨ ਤਾਂ ਇਹ ਹਜ਼ਾਰਾਂ ਦੀ ਗਿਣਤੀ ਵਿਚ ਅਸਮਾਨ ਵਿਚ ਝੁੰਡਾਂ ਦੇ ਰੂਪ ਵਿਚ ਨ੍ਰਿਤ ਕਰਦੇ ਦਿਖਾਈ ਦਿੰਦੇ ਹਨ। ਇਹ ਵੱਖ-ਵੱਖ ਆਕ੍ਰਿਤੀਆਂ ਬਣਾਉਂਦੇ ਹਨ ਜਿਸ ਦਾ ਨਜ਼ਾਰਾ ਦੇਖਣ ਵਿਚ ਬਹੁਤ ਮਨਮੋਹਕ ਲਗਦਾ ਹੈ। ਇਹ ਅਜਿਹਾ ਕਿਉਂ ਤੇ ਕਿਵੇਂ ਕਰਦੇ ਹਨ, ਇਹ ਸ਼ਿਕਾਰ ਤੋਂ ਬਚਣ ਲਈ ਅਜਿਹਾ ਕਰਦੇ ਹਨ। ਸਾਇੰਸ ਮੰਨਦੀ ਹੈ ਕਿ ਅਜਿਹੇ ਵਿਹਾਰ ਪਿੱਛੇ ਵਿਗਿਆਨਕ ਤੇ ਕੁਦਰਤੀ ਕਾਰਨ ਹਨ। ਭੌਤਿਕ ਵਿਗਿਆਨ ਇਹ ਕਹਿੰਦਾ ਹੈ ਕਿ ਇਨ੍ਹਾਂ ਪੰਛੀਆਂ ਦੀ ਗਤੀਵਿਧੀ ਐਕਟਿਵ ਮੈਟਰ ਦੀ ਤਰ੍ਹਾਂ ਹੁੰਦੀ ਹੈ ਜਿਸ ਵਿਚ ਜ਼ਿਆਦਾ ਗਿਣਤੀ ਵਿਚ ਏਜੰਟ ਹੁੰਦੇ ਹਨ। ਹਰ ਇਕ ਕਣ ਦੂਜੇ ਕਣ ਨੂੰ ਮਹਿਸੂਸ ਕਰ ਇਕੋ ਜਿਹਾ ਹੀ ਵਿਹਾਰ ਕਰਦੇ ਹਨ। ਅਜਿਹੀਆਂ ਗਤੀਵਿਧੀਆਂ ਤੇ ਕਲਾ ਮੱਛੀਆਂ, ਕੀੜੀਆਂ ਤੇ ਬੈਕਟੀਰੀਆ ਵਿਚ ਵੀ ਹੁੰਦੀਆਂ ਹਨ, ਜਿਸ ਸਦਕਾ ਹੀ ਉਨ੍ਹਾਂ ਨੂੰ ਦਿਸ਼ਾ ਚੁਣਨ ਤੇ ਗਤੀਵਿਧੀ ਕਰਨ ਦੇ ਸੰਕੇਤ ਇਕ ਦੂਜੇ ਤੋਂ ਹੀ ਮਿਲਦੇ ਹਨ। ਇਨ੍ਹਾਂ ਤੋਂ ਬਿਨਾਂ ਹੋਰ ਵੀ ਸੈਂਕੜੇ ਰਹੱਸ ਇਨ੍ਹਾਂ ਪ੍ਰਵਾਸੀ ਪੰਛੀਆਂ ਦੇ ਅਜੇ ਉਜਾਗਰ ਨਹੀਂ ਹੋਏ, ਜਿਨ੍ਹਾਂ ਨੂੰ ਸਾਇੰਸ ਅਜੇ ਖੋਜ ਰਹੀ ਹੈ। ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਪੰਛੀਆਂ ਦੀਆਂ ਲੁਪਤ ਹੋ ਰਹੀਆਂ ਪ੍ਰਜਾਤੀਆਂ ਦੇ ਕਾਰਨਾਂ ਨੂੰ ਪਛਾਣ ਕੇ ਉਨ੍ਹਾਂ ਦੀਆਂ ਨਸਲਾਂ ਨੂੰ ਬਚਾ ਸਕੀਏ ਅਤੇ ਸਾਡੇ ਦੇਸ਼ ਵਿਚ ਹਰ ਸਾਲ ਆਉਂਦੇ ਮਹਿਮਾਨ ਪਰਿੰਦਿਆਂ ਦੀ ਸੁਰੱਖਿਆ ਨੂੰ ਲੈ ਕੇ ਵਣ ਵਿਭਾਗ ਨੂੰ ਪੂਰੀ ਤਰ੍ਹਾਂ ਮੁਸਤੈਦ ਰਹਿਣਾ ਪਵੇਗਾ ਅਤੇ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਨ੍ਹਾਂ ਪੰਛੀਆਂ ਦੀ ਸੁਰੱਖਿਆ ਅਤੇ ਹੋਰ ਵਸੀਲਿਆਂ ਨੂੰ ਯਕੀਨੀ ਬਣਾ ਕੇ ਰੱਖਣਾ ਪਵੇਗਾ ਤਾਂ ਜੋ ਇਨ੍ਹਾਂ ਮਹਿਮਾਨਾਂ ਨੂੰ ਸਾਡੇ ਦੇਸ਼ ਆਉਣ ਤੋਂ ਅਸੁਰੱਖਿਅਤਾ ਨਾ ਮਹਿਸੂਸ ਹੋਵੇ।

# ਬ੍ਰਾਈਲਰ ਮੁਰਗੀ ਪਾਲਣ ਵਿਧੀ ਲਈ ਧਿਆਨ ਰੱਖਣ ਯੋਗ ਗੱਲਾਂ

ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ, ਮੋਬਾਇਲ : 96434-42427

ਬ੍ਰਾਈਲਰ ਚੂਚੇ ਪਾਉਣ ਤੋਂ ਪਹਿਲਾਂ ਮੁਰਗੀ ਸ਼ੈੱਡ ਦੀ ਸਾਫ-ਸਫਾਈ ਬਹੁਤ ਜ਼ਰੂਰੀ ਹੈ। ਸ਼ੈੱਡ ਵਿਚ ਰੱਖੇ ਸਾਰੇ ਭਾਂਡਿਆਂ ਨੂੰ ਬਾਹਰ ਕੱਢ ਕੇ ਸਾਫ ਕਰ ਲਵੋ। ਸਾਫ ਭਾਂਡਿਆਂ ਨੂੰ ਕਿਰਮਨਾਸ਼ਕ ਦੇ ਘੋਲ ਵਿਚ 2 ਘੰਟੇ ਲਈ ਛੱਡ ਦਿਓ ਅਤੇ ਬਾਅਦ ਵਿਚ ਧੁੱਪੇ ਸੁੱਕਾ ਲਓ। ਸ਼ੈੱਡ ਦੇ ਫਰਸ਼ ਨੂੰ ਲੋਹੇ ਦੇ ਬੁਰਸ਼ ਨਾਲ ਸਾਫ ਕਰਨ ਤੋਂ ਬਾਅਦ 10% ਫਾਰਮਲਿਨ ਦਾ ਛਿੜਕਾਅ ਕਰੋ। ਜੇ ਫਰਸ਼ ਕੱਚਾ ਹੈ ਤਾਂ ਇਸ ਦੀ ਉੱਪਰਲੀ 1.5 ਇੰਚ ਮੋਟੀ ਪਰਤ ਖੁਰਚ ਲਓ ਅਤੇ ਉਸ ਦੀ ਜਗ੍ਹਾ ਤਾਜ਼ੀ ਮਿੱਟੀ ਪਾ ਲਵੋ। ਸ਼ੈੱਡ ਦੀਆਂ ਕੰਧਾਂ ਨੂੰ ਵੀ ਡਿਟਰਜੈਂਟ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕਰੋ। ਫਲੇਮਗਨ ਦੀ ਵਰਤੋਂ ਨਾਲ ਸ਼ੈੱਡ ਦੀਆਂ ਕੰਧਾਂ, ਫਰਸ਼ ਅਤੇ ਛੱਤ ਨੂੰ ਚੰਗੀ ਤਰ੍ਹਾਂ ਸਾੜ ਦਿਓ। ਸ਼ੈੱਡ ਅੰਦਰ ਕੀੜਿਆਂ ਨੂੰ ਘੱਟ ਕਰਨ ਲਈ ਮੈਲਾਥੀਅਨ ਦਾ ਘੋਲ (160 ਮਿ.ਲੀ. ਮੈਲਾਥੀਅਨ ਅਤੇ 10 ਲੀਟਰ ਪਾਣੀ) ਤਿਆਰ ਕਰਕੇ ਛਿੜਕਾਅ ਕਰੋ।

ਚੂਚੇ ਆਉਣ ਤੋਂ ਬਾਅਦ 6-8 ਘੰਟੇ ਲਈ ਗੁੜ ਜਾਂ ਖੰਡ ਵਾਲੇ ਘੋਲ ਦਾ ਪਾਣੀ ਪਿਲਾਉਣਾ ਜ਼ਰੂਰੀ ਹੈ ਜਿਸਦੀ ਮਾਤਰਾ 1 ਕਿਲੋ ਪ੍ਰਤੀ 1000 ਚੂਚਾ ਹੁੰਦੀ ਹੈ। ਇਸ ਤੋਂ ਮਗਰੋਂ ਚੂਚਿਆਂ ਨੂੰ 10 ਦਿਨ ਲਈ ਬੂਸਟਰ ਫੀਡ ਦਿਓ ਅਤੇ 11 ਤੋਂ 25 ਦਿਨ ਤੱਕ ਸਟਾਰਟਰ ਫੀਡ ਦਿਓ। 25 ਦਿਨ ਤੋਂ ਬਾਅਦ ਮੰਡੀਕਰਨ ਤੱਕ ਫਿਨੀਸ਼ਰ ਫੀਡ ਦਿੱਤੀ ਜਾ ਸਕਦੀ ਹੈ। ਚੂਚੇ ਆਉਣ ਤੋਂ ਬਾਅਦ ਹਫਤੇ ਤੱਕ ਸ਼ੈੱਡ ਵਿਚ 24 ਘੰਟੇ ਰੌਸ਼ਨੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਹਫਤੇ ਤੋਂ ਬਾਅਦ ਕੁਝ ਕੁ ਘੰਟੇ ਲਈ ਰੌਸ਼ਨੀ ਘੱਟ ਕੀਤੀ ਜਾ ਸਕਦੀ ਹੈ ਪਰੰਤੂ ਰੌਸ਼ਨੀ 1 ਵਾਟ ਪ੍ਰਤੀ 4 ਵਰਗ ਫੁੱਟ ਦੇ ਹਿਸਾਬ ਨਾਲ ਜ਼ਰੂਰ ਹੋਵੇ। ਚੂਚਿਆਂ ਦੇ ਬਚਾਅ ਲਈ ਸ਼ੈੱਡ ਵਿਚ ਤਾਪਮਾਨ ਦਾ ਸਹੀ ਪ੍ਰਬੰਧ ਜ਼ਰੂਰੀ ਹੈ।

| ਚੂਚਿਆਂ ਦੀ ਉਮਰ (ਦਿਨ) | ਤਾਪਮਾਨ (ਡਿਗਰੀ ਸੈਂਟੀਗਰੇਡ) |
|---|---|
| 0-7 | 34.5-35.0 |
| 8-14 | 32.5-32.8 |
| 15-21 | 29.5-30.0 |
| 22-28 | 26.5-27.5 |
| 29-35 | 24-24.5 |
| 36-42 | 21.0-21.5 |

★ ਪਾਣੀ ਵਿਚ ਟੀਕਾਕਰਨ ਹਮੇਸ਼ਾ ਸਵੇਰ ਵੇਲੇ ਕਰੋ ਅਤੇ ਸਾਫ ਭਾਂਡੇ ਵਰਤੋ। ਟੀਕਾ ਦੇਣ ਤੋਂ ਕੁਝ ਘੰਟੇ ਪਹਿਲਾਂ ਪਾਣੀ ਹਟਾ ਲਓ ਅਤੇ ਟੀਕੇ ਵਾਸਤੇ ਉਨ੍ਹਾਂ ਹੀ ਪਾਣੀ ਵਰਤੋ ਜਿਹੜਾ 1-2 ਘੰਟੇ ਅੰਦਰ ਖਤਮ ਹੋ ਜਾਵੇ।

★ ਸਰਦੀਆਂ ਵਿਚ ਜੇ ਸ਼ੈੱਡ ਦੀ ਸੁੱਕ ਗਿੱਲੀ ਹੋ ਜਾਵੇ ਤਾਂ ਉਸ ਨੂੰ ਹਟਾ ਦਿਓ। ਹਰ ਦੋ ਤਿੰਨ ਦਿਨ ਬਾਅਦ ਸੁੱਕ ਨੂੰ ਤੰਗਲੀ ਨਾਲ



ਹਿਲਾ ਦਿਓ। ਸਰਦੀਆਂ ਵਿਚ ਸ਼ੈੱਡ ਦਾ ਤਾਪਮਾਨ ਸਹੀ ਰੱਖਣ ਲਈ ਪਰਦੇ, ਹੀਟਰ ਜਾਂ ਅੰਗੀਠੀ ਵਰਤੀ ਜਾ ਸਕਦੀ ਹੈ।

★ ਗਰਮੀਆਂ ਵਿਚ ਪਾਣੀ ਵਿਚ ਵਿਟਾਮਿਨ ਸੀ ਅਤੇ ਬੀ-ਕੰਪਲੈਕਸ ਗਰਮੀ ਦੇ ਦਬਾਅ ਨੂੰ ਘਟਾਉਣ ਵਿਚ ਮਦਦ ਕਰਦਾ ਹੈ।

**ਬ੍ਰਾਈਲਰ ਚੂਚੇ ਲਈ ਟੀਕਾਕਰਨ**

| ਚੂਚਿਆਂ ਦੀ ਉਮਰ (ਦਿਨ) | ਟੀਕਾ | ਟੀਕਾਕਰਨ ਦੀ ਵਿਧੀ |
|---|---|---|
| 3 | ਆਈ. ਬੀ. ਐਚ. | ਗਰਦਨ ਵਿੱਚ |
| 5 | ਲਸੋਟਾ | ਅੱਖਾਂ/ਪਾਣੀ ਵਿਚ |
| 12 | ਆਈ.ਬੀ.ਡੀ. | ਅੱਖਾਂ/ਪਾਣੀ ਵਿਚ |
| 25-28 | ਲਸੋਟਾ | ਪਾਣੀ ਵਿਚ |




# ਇਕ ਦੇਸ਼ ਇਕ ਚੋਣ - ਸੰਭਾਵਨਾਵਾਂ ਤੇ ਔਕੜਾਂ

'ਦੇਸ਼ ਵਿਚ ਇਕ ਦੇਸ਼ ਇਕ ਚੋਣ' ਦੇ ਵਿਸ਼ੇ ਉੱਤੇ ਚਰਚਾ ਚੱਲ ਰਹੀ ਹੈ । ਇਹ ਵੀ ਯਕੀਨ ਹੈ ਕਿ ਇਸ ਸਬੰਧੀ ਪਾਰਲੀਮੈਂਟ ਵਿਚ ਬਿੱਲ ਪਾਸ ਹੋ ਹੀ ਜਾਣਾ ਹੈ ਅਤੇ ਦੇਸ਼ ਵਿਚ ਇੱਕੋ ਸਮੇਂ ਚੋਣਾਂ ਕਰਵਾਉਣ ਬਾਰੇ ਪ੍ਰਕਿਰਿਆ ਸ਼ੁਰੂ ਹੋ ਜਾਣੀ ਹੈ । ਸੱਤਾਧਾਰੀ ਪਾਰਟੀਆਂ ਇਸ ਬਿੱਲ ਦੇ ਹੱਕ ਵਿਚ ਹਨ ਜਦੋਂ ਕਿ ਵਿਰੋਧੀ ਧਿਰਾਂ ਇਸ ਦਾ ਵਿਰੋਧ ਕਰਦੀਆਂ ਹਨ । ਉਨ੍ਹਾਂ ਦੀ ਮੁੱਖ ਸ਼ਿਕਾਇਤ ਇਹ ਹੈ ਕਿ ਇਸ ਨਾਲ ਦੇਸ਼ ਦੇ ਸੰਘੀ ਢਾਂਚੇ ਨੂੰ ਖਤਰਾ ਹੋ ਜਾਵੇਗਾ । ਜੇਕਰ ਦੇਖਿਆ ਜਾਵੇ ਤਾਂ ਬੀ.ਜੇ.ਪੀ. ਦਾ ਮੁੱਖ ਮੰਤਵ ਵੀ ਇਹੋ ਹੀ ਹੈ ਕਿ ਸ਼ਕਦੀਆਂ ਦਾ ਕੇਂਦਰੀਕਰਨ ਹੋ ਜਾਵੇ । ਮੈਂ ਇਸ ਤਜਵੀਜ਼ ਦੀ ਹਮਾਇਤ ਇਸ ਕਰਕੇ ਨਹੀਂ ਕਰ ਰਿਹਾ ਕਿ ਮੇਰੀ ਸੁਰ ਬੀ.ਜੇ.ਪੀ. ਨਾਲ ਮਿਲਦੀ ਹੈ ਸਗੋਂ ਮੇਰੀ ਹਮਾਇਤ ਦਾ ਮੁੱਖ ਕਾਰਨ ਦੇਸ਼ ਦੀ ਆਰਥਿਕਤਾ ਅਤੇ ਵਿਕਾਸ ਅਧਾਰਿਤ ਹੈ ।

ਜਿੱਥੋਂ ਤੱਕ ਦੇਸ਼ ਦੇ ਸੰਘੀ ਢਾਂਚੇ ਦਾ ਸਬੰਧ ਹੈ ਇਸ ਨੂੰ ਤਾਂ ਕਾਫੀ ਹੱਦ ਤੱਕ ਕਮਜ਼ੋਰ ਕਰ ਹੀ ਦਿੱਤਾ ਗਿਆ ਹੈ । ਹੌਲੀ ਹੌਲੀ ਸਾਰੇ ਮਹਿਕਮਿਆਂ ਦੀ ਡੋਰ ਕੇਂਦਰ ਆਪਣੇ ਹੱਥ ਲੈ ਰਿਹਾ ਹੈ । ਸਾਡੇ ਸੰਵਿਧਾਨ ਨੇ ਕੁਝ ਵਿਸ਼ੇ ਅਜਿਹੇ ਰੱਖੇ ਸਨ ਜਿਨ੍ਹਾਂ ਨੂੰ ਰਾਜਾਂ ਦੇ ਅਧਿਕਾਰ ਖੇਤਰ ਵਿਚ ਰੱਖਿਆ ਗਿਆ ਹੈ । ਇਨ੍ਹਾਂ ਵਿੱਚੋਂ ਵਿਦਿਆ ਅਤੇ ਖੇਤੀ ਅਹਿਮ ਹਨ । ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ । ਇਥੋਂ ਦੀ ਘੱਟੋ-ਘੱਟ ਵੱਸੋਂ ਨੂੰ ਖੇਤੀ ਉੱਤੇ ਹੀ ਰੁਜ਼ਗਾਰ ਲਈ ਨਿਰਭਰ ਰਹਿਣਾ ਪਵੇਗਾ ਕਿਉਂਕਿ ਸਨਅਤੀ ਖੇਤਰ ਕਿਸੇ ਵੀ ਹਾਲਤ ਵਿਚ 70 ਕਰੋੜ ਲੋਕਾਂ ਨੂੰ ਰੁਜ਼ਗਾਰ ਨਹੀਂ ਸਕਦਾ । ਇਸ ਕਰਕੇ ਦੇਸ਼ ਦੇ ਸਰਬ-ਪੱਖੀ ਵਿਕਾਸ ਲਈ ਖੇਤੀ ਦਾ ਵਿਕਾਸ ਜ਼ਰੂਰੀ ਹੈ । ਸਾਡਾ ਦੇਸ਼ ਬਹੁਰੰਗੇ ਫਲਾਂ ਦਾ ਗੁਲਦਸਤਾ ਹੈ । ਹਰੇਕ ਖੇਤਰ ਦੀਆਂ ਫਸਲਾਂ, ਪੌਣ-ਪਾਣੀ ਅਤੇ ਖੇਤੀ ਦੇ ਢੰਗ ਤਰੀਕੇ ਵੱਖੋ-ਵੱਖਰੇ ਹਨ ਪਰ ਕੇਂਦਰ ਵਿਚ ਕਿਸੇ ਵੀ ਧਿਰ ਦੀ ਸਰਕਾਰ ਹੋਵੇ ਉਸ ਦਾ ਯਤਨ ਖੇਤੀ ਨੂੰ ਵੀ ਕੇਂਦਰ ਅਧੀਨ ਕਰਨ ਦਾ ਰਿਹਾ ਹੈ । ਖੇਤੀ ਵਿਕਾਸ ਲਈ ਪੈਸੇ ਦੀ ਲੋੜ ਪੈਂਦੀ ਹੈ । ਰਾਜਾਂ ਕੋਲ ਇਤਨੇ ਵਸੀਲੇ ਨਹੀਂ ਹਨ ਕਿ ਉਹ ਖੇਤੀ ਦੇ ਵਿਕਾਸ ਲਈ ਆਪਣੀਆਂ ਯੋਜਨਾਵਾਂ ਲਾਗੂ ਕਰ ਸਕਣ । ਹੁਣ ਸਾਰੇ ਪ੍ਰੋਗਰਾਮ ਕੇਂਦਰ ਸਰਕਾਰ ਬਣਾਉਂਦੀ ਹੈ ਅਤੇ ਇਨ੍ਹਾਂ ਨੂੰ ਸਾਰੇ ਰਾਜਾਂ ਵਿਚ ਇਕਸਾਰ ਲਾਗੂ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ । ਰਾਜ ਸਰਕਾਰਾਂ ਕੇਂਦਰ ਤੋਂ ਮਾਲੀ ਸਹਾਇਤਾ ਪ੍ਰਾਪਤ ਕਰਨ ਲਈ ਇਨ੍ਹਾਂ ਸਕੀਮਾਂ ਨੂੰ ਪ੍ਰਵਾਨ ਕਰ ਲੈਂਦੀਆਂ ਹਨ । ਪਰ ਇਸ ਨਾਲ ਮਿੱਥੇ ਅਨੁਸਾਰ ਵਿਕਾਸ ਨਹੀਂ ਹੁੰਦਾ ਹੈ । ਆਮ ਤੌਰ ਉੱਤੇ ਕੇਂਦਰ ਸਰਕਾਰ ਕੇਂਦਰੀ ਰਾਜਾਂ ਨੂੰ ਮੁੱਖ ਰੱਖ ਕੇ ਸਕੀਮਾਂ ਤਿਆਰ ਕਰਦੀ ਹੈ ਕਿਉਂਕਿ ਕੇਂਦਰ ਵਿਚ ਸਰਕਾਰ ਇਨ੍ਹਾਂ ਰਾਜਾਂ ਦੇ ਪ੍ਰਭਾਵ ਹੇਠ ਚਲਦੀ ਹੈ । ਮਿਸਾਲ ਦੇ ਤੌਰ ਉੱਤੇ ਪੰਜਾਬ ਅਤੇ ਬਿਹਾਰ ਲਈ ਇਕੋ ਪ੍ਰੋਗਰਾਮ ਲਾਗੂ ਨਹੀਂ ਕੀਤਾ ਜਾ ਸਕਦਾ । ਪੰਜਾਬ ਦੀ ਸਾਰੀ ਖੇਤੀ ਦਾ ਮਸ਼ੀਨੀਕਰਨ ਹੋ ਚੁੱਕਾ ਅਤੇ ਸਾਰੀ ਖੇਤੀ ਸੇਂਜੂ ਹੈ । ਇੱਥੇ ਸਾਰੇ ਮੌਸਮ ਆਉਂਦੇ ਹਨ । ਇਥੋਂ ਦੇ ਕਿਸਾਨ ਖੇਤੀ ਦੇ ਨਵੇਂ ਢੰਗ ਤਰੀਕੇ ਅਪਨਾਉਣ ਲਈ ਉਤਸੁਕ ਰਹਿੰਦੇ ਹਨ । ਪੰਜਾਬ ਦੀ ਖੇਤੀ ਯੂਨੀਵਰਸਿਟੀ ਵਿਚ ਹਰ ਸਾਲ ਕਿਸਾਨ ਲੱਖਾਂ ਦੀ ਗਿਣਤੀ ਵਿਚ ਨਵੇਂ ਗਿਆਨ ਦੀ ਭਾਲ ਵਿਚ ਆਉਂਦੇ ਹਨ । ਅਜਿਹਾ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਹੈ ।

ਪੰਜਾਬ ਦੀ ਹਰੇਕ ਸਰਕਾਰ ਨੇ ਘੱਟੋ ਘੱਟ ਪਿਛਲੇ ਤੀਹ ਸਾਲਾਂ ਤੋਂ ਇੱਥੋਂ ਦੀ ਖੇਤੀ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿੱਚੋਂ ਕੱਢ ਨਵਾਂ ਮੋੜ ਦੇਣ ਲਈ ਮਾਹਿਰਾਂ ਤੋਂ ਯੋਜਨਾ ਬਣਾਈ ਹੈ । ਪਰ ਮਾਇਕ ਵਸੀਲਿਆਂ ਦੀ ਘਾਟ ਕਾਰਨ ਇਹ ਸਾਰੀਆਂ ਯੋਜਨਾਵਾਂ ਤੇ ਕੋਈ ਵੀ ਸਰਕਾਰ ਅਮਲ ਨਹੀਂ ਕਰ ਸਕਦੀ ਤੇ ਇਹ ਫਾਇਲਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ । ਦੂਜਾ ਮਹੱਤਵਪੂਰਨ ਵਿਸ਼ਾ ਵਿੱਦਿਆ ਹੈ । ਇਹ ਵੀ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿਚ ਸੀ ਪਰ ਇਸ ਨੂੰ ਵੀ ਕੇਂਦਰ ਸਰਕਾਰ ਨੇ ਸਾਂਝਾ ਕਰ ਲਿਆ ਹੈ । ਵਿੱਦਿਅਕ ਅਦਾਰਿਆਂ ਵਿਚ ਕੀ ਪੜ੍ਹਾਇਆ ਜਾਵੇ ਅਤੇ ਕਿਸ ਤਰ੍ਹਾਂ ਪੜ੍ਹਾਇਆ ਜਾਵੇ ਇਹ ਹਦਾਇਤਾਂ ਕੇਂਦਰ ਸਰਕਾਰ ਦਿੰਦੀ ਹੈ । ਦੇਸ਼ ਦੇ ਹਰੇਕ ਪ੍ਰਾਂਤ ਦੀ ਆਪਣੀ ਬੋਲੀ, ਆਪਣਾ ਇਤਿਹਾਸ ਅਤੇ ਆਪੋ ਆਪਣੀਆਂ ਸਮਾਜਿਕ ਕਦਰਾਂ ਕੀਮਤਾਂ ਹਨ । ਕੇਂਦਰੀ ਹੁਕਮਾਂ ਦੇ ਪ੍ਰਭਾਵ ਹੇਠ ਰਾਜ ਆਪਣੀ ਬੋਲੀ, ਆਪਣਾ ਇਤਿਹਾਸ ਅਤੇ ਆਪੋ ਆਪਣੀਆਂ ਸਮਾਜਿਕ ਕਦਰਾਂ ਕੀਮਤਾਂ ਬੱਚਿਆਂ ਨੂੰ ਪੜ੍ਹਾਉਣ ਲਈ ਲਾਚਾਰ ਹਨ । ਸ਼ਾਇਦ ਇਸੇ ਕਰਕੇ ਨਵੀਂ ਪੀੜ੍ਹੀ ਆਪਣੀ ਬੋਲੀ, ਆਪਣੇ ਸਭਿਆਚਾਰ ਅਤੇ ਸਮਾਜਿਕ ਕਦਰਾਂ ਕੀਮਤਾਂ ਤੋਂ ਦੂਰ ਹੋ ਰਹੀ ਹੈ । ਇਸ ਦਾ ਨਤੀਜਾ ਹੈ ਕਿ ਅਸੀਂ ਆਜ਼ਾਦੀ ਦੇ 75 ਸਾਲਾਂ ਵਿੱਚੋਂ ਵੀ ਮਨੁੱਖੀ ਵਿਕਾਸ ਨਹੀਂ ਕਰ ਸਕੇ । ਦੇਸ਼ ਦੇ ਅਨਪੜ੍ਹਤਾ ਵੀ ਖਤਮ ਨਹੀਂ ਹੋ ਸਕੀ । ਰਾਜ ਵਿਚ ਸਿਹਤ ਸਹੂਲਤਾਂ, ਸੜਕਾਂ, ਸਮਾਜ ਭਲਾਈ ਆਦਿ ਲਈ ਵੀ ਬਹੁਤਾ ਪੈਸਾ ਕੇਂਦਰ ਸਰਕਾਰ ਵੱਲੋਂ ਹੀ ਆਉਂਦਾ ਹੈ ਪਰ ਰਾਜ ਸਰਕਾਰਾਂ ਇਸ ਨੂੰ ਕੇਂਦਰੀ ਹਦਾਇਤਾਂ ਅਨੁਸਾਰ ਹੀ ਖਰਚ ਕਰ ਸਕਦੀਆਂ ਹਨ । ਦੇਸ਼ ਦੇ ਨਾਗਰਿਕਾਂ ਵਿਚ ਮਿੱਟੀ ਦਾ ਮੋਹ, ਦੇਸ਼ ਪ੍ਰਤੀ ਉਨ੍ਹਾਂ ਦੀ ਜ਼ੁੰਮੇਵਾਰੀ, ਇਮਾਨਦਾਰੀ ਆਦਿ ਕਦਰਾਂ ਕੀਮਤਾਂ ਪਰਪੱਕ ਹੋਣ ਦੀ ਥਾਂ ਖਤਮ ਹੋ ਰਹੀਆਂ ਹਨ । ਕਿਸੇ ਵੀ ਦੇਸ਼ ਵਿਚ ਲੋਕਰਾਜ ਦੀ ਸਫਲਤਾ ਲਈ ਨਾਗਰਿਕਾਂ ਵਿਚ ਮਿੱਟੀ ਦਾ ਮੋਹ, ਆਪਣੇ ਵਿਰਸੇ ਉੱਤੇ ਮਾਣ ਅਤੇ ਇਮਾਨਦਾਰੀ ਜ਼ਰੂਰੀ ਹੈ । ਅਜਿਹਾ ਕਰਨ ਵਿਚ ਵਿੱਦਿਆ ਦੀ ਅਹਿਮ ਭੂਮਿਕਾ ਹੈ । ਪਰ ਸਾਡੀ ਵਿੱਦਿਆ ਪ੍ਰਣਾਲੀ ਅਜਿਹਾ ਨਹੀਂ ਕਰ ਸਕੀ ਕਿਉਂਕਿ ਵਿੱਦਿਆ ਦਾ ਕੇਂਦਰੀਕਰਨ ਅਤੇ ਨਿੱਜੀਕਰਨ ਹੋ ਗਿਆ ਹੈ । ਸਾਡੀਆਂ ਰਾਜਸੀ ਪਾਰਟੀਆਂ ਨੇ ਦੇਸ਼ ਦੀ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਇਸ ਵਿਰੁੱਧ ਕਦੇ ਅਵਾਜ਼ ਨਹੀਂ ਉਠਾਈ ਪਰ ਇੱਕੋ ਸਮੇਂ ਵੋਟਾਂ ਪੈਣ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ।

ਹੁਣ ਵੋਟਾਂ ਦੀ ਗੱਲ ਕਰਦੇ ਹਾਂ । ਮੈਂ 1952 ਤੱਕ ਦੀਆਂ ਚੋਣਾਂ ਨੂੰ ਨੇੜੇ ਹੋ ਕੇ ਵੇਖਿਆ ਹੈ । ਉਨ੍ਹਾਂ ਵਿਚ ਜ਼ੁੰਮੇਵਾਰੀ ਵੀ ਨਿਭਾਈ ਹੈ । ਸਾਰੇ ਦੇਸ਼ ਵਿਚ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਸਮੇਂ ਹੁੰਦੀਆਂ ਸਨ । ਪੰਜ



ਡਾ. ਰਣਜੀਤ ਸਿੰਘ

ਸਾਲ ਵਿੱਚੋਂ ਚੋਣਾਂ ਦਾ ਰੌਲਾ ਮਸਾਂ ਇਕ ਮਹੀਨਾ ਹੀ ਪੈਂਦਾ ਸੀ । ਮੁੜ ਸਰਕਾਰ ਦੇ ਭਲੇ ਲਈ ਕੰਮ ਕਰਦੀਆਂ ਸਨ । ਪਰ ਹੁਣ ਕੋਈ ਵੀ ਵਰ੍ਹਾ ਅਜਿਹਾ ਨਹੀਂ ਜਦੋਂ ਕਿਸੇ ਨਾ ਕਿਸੇ ਰਾਜ ਵਿਚ ਚੋਣਾਂ ਨਾ ਹੋਈਆਂ ਹੋਣ । ਸਾਰੀਆਂ ਰਾਜਸੀ ਪਾਰਟੀਆਂ ਭਾਵ ਕੇਂਦਰ ਸਰਕਾਰ ਦੇ ਮੰਤਰੀ ਹੀ ਨਹੀਂ ਸਗੋਂ ਰਾਜਾਂ ਦੇ ਮੰਤਰੀ ਵੀ ਪ੍ਰਚਾਰ ਵਿਚ ਰੁੱਝੇ ਰਹਿੰਦੇ ਹਨ । ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਲੇ ਪੱਧਰ ਤੱਕ ਸਾਰੇ ਆਗੂ ਹੋਰ ਸਾਰੇ ਕੰਮਕਾਜ ਛੱਡ ਚੋਣ ਪ੍ਰਚਾਰ ਕਰਦੇ ਹਨ । ਅਜਿਹਾ ਕੀਤਿਆਂ ਦੇਸ਼ ਨੂੰ ਘੱਟੋ ਘੱਟ ਪੰਜ ਪ੍ਰਕਾਰ ਦਾ ਘਾਟਾ ਸਹਿਣਾ ਪੈਂਦਾ ਹੈ ।

ਦੇਸ਼ ਵਿਚ ਕੋਈ ਵੀ ਅਜਿਹਾ ਸਮਾਂ ਨਹੀਂ ਹੁੰਦਾ ਜਦੋਂ ਕਿਸੇ ਨਾ ਕਿਸੇ ਰਾਜ ਵਿਚ ਚੋਣਾਂ ਦਾ ਬਿਗਲ ਨਾ ਵੱਜਦਾ ਹੋਵੇ । ਚੋਣ ਪ੍ਰਚਾਰ ਲਈ ਸਾਰੀਆਂ ਪਾਰਟੀਆਂ ਦੇ ਆਗੂ, ਪ੍ਰਧਾਨ ਮੰਤਰੀ ਤੋਂ ਲੈ ਕੇ ਹੋਰ ਸਾਰੇ ਵਜ਼ੀਰ ਚੋਣ ਮੁਹਿੰਮ ਵਿਚ ਜੁੱਟ ਜਾਂਦੇ ਹਨ । ਇਨ੍ਹਾਂ ਦੀ ਗੈਰਹਾਜ਼ਰੀ ਵਿਚ ਸਰਕਾਰਾਂ ਦੇ ਕੰਮਕਾਜ ਵਿਚ ਖੜੋਤ ਆ ਜਾਂਦੀ ਹੈ । ਨੌਕਰਸ਼ਾਹੀ ਇਸ ਦਾ ਲਾਭ ਉਠਾ ਵਿਹਲ ਦਾ ਅਨੰਦ ਮਾਣਦੀ ਹੈ । ਇਸੇ ਕਰਕੇ ਸ਼ਾਇਦ ਹੀ ਅਜਿਹਾ ਕੋਈ ਪ੍ਰੋਜੈਕਟ ਹੋਵੇਗਾ ਜਿਹੜਾ ਮਿੱਥੇ ਸਮੇਂ ਅਤੇ ਮਿੱਥੀ ਰਾਸ਼ੀ ਅਨੁਸਾਰ ਪੂਰਾ ਹੁੰਦਾ ਹੋਵੇ । ਸਰਕਾਰਾਂ ਦੇਸ਼ ਦੇ ਵਿਕਾਸ ਬਾਰੇ ਸੋਚਣ ਦੀ ਥਾਂ ਹਮੇਸ਼ਾਂ ਚੋਣਾਂ ਜਿੱਤਣ ਦੇ ਢੰਗ ਤਰੀਕਿਆਂ ਬਾਰੇ ਹੀ ਸੋਚਦੀਆਂ ਹਨ । ਉਦਾਹਰਣ ਵਜੋਂ ਪੰਜਾਬ ਦਾ ਸੈਕਟਰੀਏਟ ਦਿੱਲੀ ਚੋਣਾਂ ਕਰਕੇ ਕੋਈ ਪੰਜ ਮਹੀਨੇ ਕੰਮਕਾਜ ਪੱਖੋਂ ਸੱਖਣਾ ਹੀ ਰਿਹਾ । ਜਦੋਂ ਦੀ ਪੰਜਾਬ ਵਿਚ ਨਵੀਂ ਸਰਕਾਰ ਆਈ ਹੈ । ਮੁੱਖ ਮੰਤਰੀ ਸਮੇਤ ਸਾਰੇ ਮੰਤਰੀ ਚੋਣਾਂ ਵਿਚ ਹੀ ਉਲਝੇ ਰਹੇ ਹਨ । ਪਾਰਲੀਮੈਂਟ ਅਤੇ ਕਿਸੇ ਨਾ ਕਿਸੇ ਰਾਜ ਦੀਆਂ ਚੋਣਾਂ ਹੁੰਦੀਆਂ ਹੀ ਰਹੀਆਂ ਹਨ । ਇੰਝ ਵਿਕਾਸ, ਕਾਰਜਾਂ ਵਿਚ ਖੜੋਤ ਜਾਂ ਉਸ ਦੀ ਰਫਤਾਰ ਮੱਠੀ ਪੈ ਜਾਂਦੀ ਹੈ ।

ਇਸ ਦੇ ਨਾਲ ਹੀ ਦੇਸ਼ ਦੀ ਦੌਲਤ ਅਤੇ ਵਸੀਲਿਆਂ ਦੀ ਬਰਬਾਦੀ ਹੁੰਦੀ ਹੈ । ਜਦੋਂ ਸਾਰੇ ਦੇਸ਼ ਵਿਚ ਇੱਕੋ ਸਮੇਂ ਚੋਣਾਂ ਹੁੰਦੀਆਂ ਸਨ ਉਦੋਂ ਨੇਤਾ ਲੋਕ ਆਪੋ ਆਪਣੇ ਹਲਕੇ ਵਿਚ ਪ੍ਰਚਾਰ ਤੱਕ ਸੀਮਿਤ ਹੋ ਜਾਂਦੇ ਸਨ । ਹੁਣ ਵਾਂਗ ਇਕ ਸੂਬੇ ਉੱਤੇ ਹਮਲਾ ਨਹੀਂ ਸੀ ਬੋਲਿਆ ਜਾਂਦਾ । ਚੋਣ ਪ੍ਰਚਾਰ ਵਿਚ ਸਾਦਗੀ ਅਤੇ ਖਰਚ ਵੀ ਸੰਕੋਚਵਾਂ ਹੁੰਦਾ ਸੀ । ਹੁਣ ਜਦੋਂ ਕਿਸੇ ਰਾਜ ਵਿਚ ਚੋਣਾਂ ਹੁੰਦੀਆਂ ਹਨ ਤਾਂ ਸਾਰੀਆਂ ਰਾਜਸੀ ਪਾਰਟੀਆਂ ਆਪਣੀ ਪੂਰੀ ਤਾਕਤ ਝੋਕ ਦਿੰਦੀਆਂ ਹਨ । ਹੁਣ ਚੋਣਾਂ ਉੱਤੇ ਬੇਤਹਾਸ਼ਾ ਖਰਚਾ ਹੋਣ ਲੱਗ ਪਿਆ ਹੈ । ਕੋਈ ਇਮਾਨਦਾਰ ਆਦਮੀ ਚੋਣ ਲੜਨ ਬਾਰੇ ਕਦੇ ਸੋਚ ਵੀ ਨਹੀਂ ਸਕਦਾ । ਚਿੱਕੜ ਰਾਜਨੀਤੀ ਵਿਚ ਵਾਧਾ ਵੀ ਇਸੇ ਕਰਕੇ ਹੋ ਰਿਹਾ ਹੈ । ਪਾਰਟੀਆਂ ਆਪੋ ਆਪਣੇ ਵਿਕਾਸ ਮਾਡਲਾਂ ਦੀ ਚਰਚਾ ਕਰਨ ਦੀ ਥਾਂ ਇੱਕ ਦੂਜੇ ਉੱਤੇ ਰੱਜ ਕੇ ਚਿੱਕੜ ਸੁੱਟਦੀਆਂ ਹਨ । ਇੰਝ ਆਮ ਲੋਕਾਂ ਨੂੰ ਆਗੂਆਂ ਨਾਲ ਨਫਰਤ ਹੋਣ ਲੱਗਦੀ ਹੈ । ਸ਼ਾਇਦ ਇਸੇ ਕਰਕੇ ਲਗਭਗ ਅੱਧੇ ਵੋਟਰ ਵੋਟਾਂ ਪਾਉਣ ਹੀ ਨਹੀਂ ਆਉਂਦੇ । ਸੱਤਾ ਧਿਰ ਸਰਕਾਰੀ ਸਹੂਲਤਾਂ ਦੀ ਖੁੱਲ੍ਹ ਕੇ ਵਰਤੋਂ ਕਰਦੀ ਹੈ ।

ਜਦੋਂ ਚੋਣਾਂ ਕੇਵਲ ਇਕ ਰਾਜ ਤੱਕ ਸੀਮਤ ਹੁੰਦੀਆਂ ਹਨ ਤਾਂ ਸਾਰੀਆਂ ਪਾਰਟੀਆਂ ਜਿੱਤ ਪ੍ਰਾਪਤ ਕਰਨ ਲਈ ਗਲਤ ਸਹੀ ਹਰੇਕ ਪ੍ਰਕਾਰ ਦੇ ਢੰਗ ਤਰੀਕਿਆਂ ਦੀ ਵਰਤੋਂ ਕਰਦੀਆਂ ਹਨ । ਗਰੀਬ ਲੋਕਾਂ ਦੀਆਂ ਵੋਟਾਂ ਉਨ੍ਹਾਂ ਦੇ ਚੌਧਰੀਆਂ ਰਾਹੀਂ ਖਰੀਦੀਆਂ ਜਾਂਦੀਆਂ ਹਨ । ਨਕਦ ਪੈਸੇ, ਸ਼ਰਾਬ, ਆਟਾ, ਕੱਪੜੇ, ਮਹਿੰਗੇ ਗਿਫਟ ਆਦਿ ਵੰਡਣ ਦੀਆਂ ਰਿਪੋਰਟਾਂ ਆਮ ਮਿਲ ਜਾਂਦੀਆਂ ਹਨ । ਅਸਲ ਵਿਚ ਨਸ਼ਿਆਂ ਦੀ ਵੱਧ ਰਹੀ ਵਰਤੋਂ ਲਈ ਸਾਡੇ ਆਗੂ ਵੀ ਜ਼ੁੰਮੇਵਾਰ ਹਨ । ਚੋਣ ਪ੍ਰਚਾਰ ਦੌਰਾਨ ਉਹ ਆਪਣੇ ਵਰਕਰਾਂ ਦੀ ਥਕਾਨ ਲਾਹੁਣ ਲਈ ਸ਼ਰਾਬ, ਅਫੀਮ ਅਤੇ ਹੋਰ ਕਈ ਤਰ੍ਹਾਂ ਦੇ ਨਸ਼ਿਆਂ ਦੀ ਵਰਤੋਂ ਕਰਦੇ ਹਨ । ਵੋਟਾਂ ਖਰੀਦਣ ਲਈ ਵੀ ਸ਼ਰਾਬ ਵੰਡੀ ਜਾਂਦੀ ਹੈ । ਇੰਝ ਵੋਟਾਂ ਦੀ ਕੇਵਲ ਨਹੀਂ ਹੁੰਦੀ ਸਗੋਂ ਮੁਫਤ ਦਾ ਨਸ਼ਾ ਦੇ ਕੇ ਲੋਕਾਂ ਵਿਚ ਨਸ਼ੇ ਦੀ ਆਦਤ ਵੀ ਪਾਈ ਜਾਂਦੀ ਹੈ । ਜਿਹੜੇ ਸਥਾਨਕ ਆਗੂ ਆਪਣੇ ਪ੍ਰਭਾਵ ਵਾਲੇ ਲੋਕਾਂ ਦੀਆਂ ਵੋਟਾਂ ਪੁਆਉਂਦੇ ਹਨ ਉਹ ਜਿੱਤੇ ਹੋਏ ਆਪਣੇ ਉਮੀਦਵਾਰ ਤੋਂ ਗਲਤ ਸਹੀ ਕੰਮ ਵੀ ਕਰਵਾਉਂਦੇ ਹਨ । ਵੋਟਾਂ ਲਈ ਲੋਕਾਂ ਨੂੰ ਮੁਫਤ ਦੀਆਂ ਰਿਓੜੀਆਂ ਵੰਡੀਆਂ ਜਾਂਦੀਆਂ ਹਨ । ਸਾਰੀਆਂ ਧਿਰਾਂ ਇਕ ਦੂਜੇ ਤੋਂ ਵੱਧ ਕੇ ਗਰੰਟੀਆਂ ਦਿੰਦੀਆਂ ਹਨ । ਲੋਕਾਂ ਨੂੰ ਰੁਜ਼ਗਾਰ ਦੇ ਕੇ ਆਪਣੇ ਪੈਰਾਂ ਉੱਤੇ ਖੜ੍ਹੇ ਕਰਨ ਦੀ ਥਾਂ ਉਨ੍ਹਾਂ ਨੂੰ ਮੰਗਤੇ ਬਣਾਇਆ ਜਾ ਰਿਹਾ ਹੈ । ਮੁਫਤ ਦਾ ਮਾਲ ਬੰਦੇ ਨੂੰ ਆਲਸੀ ਬਣਾ ਦਿੰਦਾ ਹੈ ਅਤੇ ਉਸ ਵਿੱਚੋਂ ਹੌਲੀ ਹੌਲੀ ਸਵੈਵਿਸਵਾਸ਼ ਖਤਮ ਹੋਣ ਲੱਗਦਾ ਹੈ ।

ਚੋਣਾਂ ਉੱਤੇ ਹੋ ਰਹੇ ਬੇਤਹਾਸ਼ਾ ਖਰਚ ਨੇ ਦੇਸ਼ ਵਿਚ ਰਿਸ਼ਵਤ ਖੋਰੀ ਨੂੰ ਉਤਸ਼ਾਹਿਤ ਕੀਤਾ ਹੈ । ਚੋਣਾਂ ਲੜਨ ਲਈ ਕਰੋੜਾਂ ਰੁਪਏ ਜਾਂ ਤਾਂ ਸਨਅਤਕਾਰਾਂ ਤੋਂ ਆਉਂਦੇ ਹਨ ਜਾਂ ਫਿਰ ਅਫਸਰਾਂ ਰਾਹੀਂ ਇਕੱਠੇ ਕੀਤੇ ਜਾਂਦੇ ਹਨ । ਸਨਅਤਕਾਰ ਪਾਰਟੀਆਂ ਨੂੰ ਚੋਣ ਫੰਡ ਦੇ ਕੇ ਆਪਣੇ ਲਈ ਫਾਇਦੇ ਮੰਗਦੇ ਹਨ । ਟੈਕਸਾਂ ਦੀ ਚੋਰੀ ਹੁੰਦੀ ਹੈ । ਮਾਲ ਦੀ ਗੁਣਵੱਤਾ ਘਟਦੀ ਹੈ । ਹਵਾ ਪਾਣੀ ਦੇ ਪ੍ਰਦੂਸ਼ਣ ਵਿਚ ਵਾਧਾ ਹੁੰਦਾ ਹੈ । ਕਰਮਚਾਰੀਆਂ ਨੂੰ ਰਿਸ਼ਵਤ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ । ਨੇਤਾ ਨੂੰ ਪੈਸੇ ਦੇਣ ਸਮੇਂ ਉਹ ਆਪਣਾ ਹਿੱਸਾ ਵੀ ਰੱਖ ਲੈਂਦੇ ਹਨ । ਇੰਝ ਆਮ ਲੋਕਾਂ ਦੀ ਦਫਤਰਾਂ ਵਿਚ ਖੱਜਲ ਖੁਆਰੀ ਹੁੰਦੀ ਹੈ । ਰਿਸ਼ਵਤ ਦੇ ਕੇ ਗਲਤ ਕੰਮ ਵੀ ਝਟਪਟ ਹੋ ਜਾਂਦੇ ਹਨ ਜਦੋਂ ਹੱਕੀ ਕੰਮ ਕਰਵਾਉਣ ਲਈ ਦਫਤਰਾਂ ਦੇ ਧੱਕੇ ਖਾਣੇ ਪੈਂਦੇ ਹਨ । ਗੁੰਡਾਗਰਦੀ, ਤਸਕਰੀ, ਨਸ਼ਿਆਂ ਦੀ ਵਿਕਰੀ ਵਿਚ ਵਾਧਾ ਰਿਸ਼ਵਤਖੋਰੀ ਨਾਲ ਹੀ ਹੋਇਆ ਹੈ । ਇਸੇ ਕਰਕੇ ਸਾਰੀਆਂ ਰਾਜਸੀ ਪਾਰਟੀਆਂ ਵਿਚ ਅਪਰਾਧਿਕ ਲੋਕਾਂ ਦੀ ਗਿਣਤੀ ਵੱਧ ਰਹੀ ਹੈ ।

ਜਦੋਂ ਦੇਸ਼ ਵਿਚ ਇਕੋ ਸਮੇਂ ਚੋਣਾਂ ਹੋਣਗੀਆਂ ਤਾਂ ਦੇਸ਼ ਦੇ ਸਾਰੇ ਰਾਜਾਂ ਅਤੇ ਵਰਗਾਂ ਦੇ ਵਿਕਾਸ ਵੱਲ ਧਿਆਨ ਦਿੱਤਾ ਜਾਵੇਗਾ । ਸਾਰਿਆਂ ਨੂੰ ਲੋਕਰਾਜ ਦਾ ਨਿੱਘ ਪ੍ਰਾਪਤ ਹੋਵੇਗਾ । ਹੁਣ ਵਾਂਗ ਕੇਵਲ ਇਕ ਵਰਗ ਜਾਂ ਇੱਕ ਪ੍ਰਾਂਤ ਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਜਾਵੇਗਾ । ਮਿਸਾਲ ਦੇ ਤੌਰ ਉੱਤੇ ਇਸ ਵਾਰ ਕੇਂਦਰੀ ਬਜਟ ਵਿਚ ਆਮਦਨ ਕਰ ਦੀ ਛੋਟ ਵਿਚ ਵਾਧਾ ਕੀਤਾ ਗਿਆ ਹੈ । ਨੌਕਰੀ ਪੇਸ਼ਾ ਕਰਮਚਾਰੀਆਂ ਦੀ ਆਮਦਨ ਕਰ ਦੇਣ ਵਾਲਿਆਂ ਵਿਚ ਬਹੁਗਿਣਤੀ ਹੈ । ਦਿੱਲੀ ਵਿਚ ਇਸ ਵਰਗ ਦੀ ਬਹੁਗਿਣਤੀ ਹੈ । ਇਸੇ ਤਰ੍ਹਾਂ ਇਸੇ ਸਾਲ ਬਿਹਾਰ ਵਿਚ ਚੋਣਾਂ ਹੋਣੀਆਂ ਹਨ, ਉਸ ਰਾਜ ਨੂੰ ਵਿਸ਼ੇਸ਼ ਪੈਕੇਜ ਦਿੱਤਾ ਗਿਆ ਹੈ । ਮੇਰਾ ਮੰਨਣਾ ਹੈ ਕਿ ਜੇਕਰ ਪਹਿਲਾਂ ਵਾਂਗ ਇੱਕੋ ਸਮੇਂ ਦੇਸ਼ ਵਿਚ ਕੇਵਲ ਪੰਜ ਸਾਲਾਂ ਪਿੱਛੋਂ ਹੀ ਚੋਣਾਂ ਹੋਣ ਤਾਂ ਦੇਸ਼ ਵਿਚ ਚੋਖਾ ਸੁਧਾਰ ਹੋ ਸਕਦਾ ਹੈ । ਵਿਕਾਸ ਦੀ ਗਤੀ ਤੇਜ਼ ਹੋਵੇਗੀ । ਭ੍ਰਿਸ਼ਟਾਚਾਰ ਨੂੰ ਠੱਲ ਪਵੇਗੀ । ਨਸ਼ਿਆਂ ਉੱਤੇ ਰੋਕ ਲੱਗੇਗੀ ਅਤੇ ਬਹੁਗਿਣਤੀ ਵਸੋਂ ਲੋਨੂੰ ਲੋਕਰਾਜ ਦਾ ਨਿੱਘ ਮਾਣ ਸਕੇਗੀ । ਮੌਜੂਦਾ ਸਥਿਤੀ ਨੂੰ ਵੇਖਦੇ ਹੋਇਆਂ ਇਹ ਇਤਨਾ ਆਸਾਨ ਨਹੀਂ ਲੱਗਦਾ ਕਿਉਂਕਿ ਹਰੇਕ ਰਾਜ ਦੀ ਚੋਣ ਦਾ ਸਮਾਂ ਵੱਖਰਾ ਹੈ । ਚੱਲੋ ਵੇਖਦੇ ਹਾਂ ਇਹ ਵਾਕ ਕਿ ਮੋਦੀ ਹੈ ਤਾਂ ਸਭ ਕੁਝ ਹੋ ਸਕਦਾ ਹੈ ਕਿੱਥੋਂ ਤੱਕ ਸੱਚ ਸਾਬਤ ਹੁੰਦਾ ਹੈ ।

# ਰੁੜ੍ਹ-ਖੁਰ ਨਾ ਜਾਵੇ ਇਹ ਮਿੱਟੀ

ਮਿੱਟੀ ਦੀ ਇੱਕ ਇੰਚ ਪਰਤ ਤਿਆਰ ਹੋਣ ਵਿੱਚ ਇੱਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜਰਖੇਜ਼ ਹੋਣ ਵਿੱਚ ਤਿੰਨ ਸਦੀਆਂ । ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਅਤੇ ਫਿਰ ਸੰਭਾਲਣ ਵਿੱਚ ਬਨਸਪਤੀ ਅਤੇ ਪੌਦਿਆਂ ਦਾ ਵੱਡਾ ਯੋਗਦਾਨ ਹੈ । ਇਹ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ । ਵੀਰਾਨ ਅਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ । ਮੌਨਸੂਨੀ ਹੜ੍ਹਾਂ ਅਤੇ ਤੇਜ਼ ਹਨੇਰੀਆਂ ਵਿੱਚ ਇਹ ਭੌਂ-ਖੋਰ ਬੜੀ ਤੇਜ਼ ਹੁੰਦੀ ਹੈ । ਬਨਸਪਤੀ ਦੀਆਂ ਜੜ੍ਹਾਂ ਅਤੇ ਰੋਕਾਂ ਹੀ ਸਾਡੀ ਮਿੱਟੀ ਨੂੰ ਬਚਾਉਂਦੀਆਂ ਹਨ । ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਸਲ ਵਿੱਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ ।



ਭੌਂ-ਖੋਰ, ਇਹ ਅਸਲੋਂ ਇੱਕ ਨਵਾਂ ਅਤੇ ਗੈਰ-ਚਰਚਿਤ ਵਿਸ਼ਾ ਹੈ । ਕੁਦਰਤ ਦੁਆਰਾ ਅਤੇ ਕੁਦਰਤ ਵਿਰੋਧੀ ਮਨੁੱਖ ਦੀਆਂ ਗੈਰ-ਵਿਗਿਆਨਕ ਗਤੀਵਿਧੀਆਂ ਅਤੇ ਵਰਤੇ ਕੁਦਰਤੀ-ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਧਰਤੀ ਦਾ ਖੁਰਚਿਆ ਜਾਣਾ, ਭੌਂ-ਖੋਰ ਕਹਿਲਾਉਂਦਾ ਹੈ । ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ (ਫੋਰਸ) ਜਾਂ ਜੀਵਕ-ਗਤੀਵਿਧੀਆਂ ਦੁਆਰਾ ਨਿੱਖੜ ਕੇ ਇੱਕ ਥਾਂ ਤੋਂ ਦੂਜੀ ਥਾਂ ਜਾਣ ਨੂੰ ਵੀ ਭੌਂ-ਖੋਰ ਆਖਦੇ ਹਨ । ਸੀਮਤ ਅਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ । ਇਹ ਨੁਕਸਾਨਦਾਇਕ ਵੀ ਨਹੀਂ ਸੀ । ਦਰ-ਹਕੀਕਤ ਭੂਮੀ-ਖੋਰ ਉਦੋਂ ਸ਼ੁਰੂ ਹੋਇਆ, ਜਦੋਂ ਇਨਸਾਨ ਨੇ ਆਪਣੀਆਂ ਲੋੜਾਂ ਅਤੇ ਫਿਰ ਖੇਤੀ ਲਈ ਧਰਤੀ ਉੱਤੇ ਪਹਿਲਾ ਟੱਕ ਮਾਰਿਆ । ਜਿਉਂ-ਜਿਉਂ ਮਨੁੱਖ ਦੀ ਲੋੜ ਅਤੇ ਲਾਲਸਾ ਵਧਦੀ ਗਈ, ਭੂਮੀ-ਖੋਰ ਵੀ ਵਧਦੀ ਗਈ । ਹੁਣ ਇਸ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ । ਭੌਂ-ਖੋਰ ਦੇ ਦੋ ਵੱਡੇ ਕੁਦਰਤੀ ਕਾਰਨ ਹਨ ; ਪਾਣੀ ਅਤੇ ਹਵਾ । ਕੁਦਰਤਨ ਹੀ, ਭੂ-ਤਤਵੀ ਅਤੇ ਢਾਲੂ ਸਤਾਹ ਕਾਰਨ ਖੋਰ ਤਾਂ ਲਗਾਤਾਰ ਜਾਰੀ ਰਹਿੰਦੀ ਹੈ ਪਰ ਬਹੁਤ ਸੀਮਤ ਅਤੇ ਧੀਮੀ ਹੋਣ ਕਾਰਨ ਇਹ ਕੁਦਰਤੀ ਹੁੰਦੀ ਹੈ ।

ਜੇ ਹਰ ਹਫਤੇ ਇੱਕ ਹੈਕਟੇਅਰ ਵਿੱਚੋਂ ਇੱਕ ਘਣਮੀਟਰ ਪਰਤ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇੱਕ ਪੀੜ੍ਹੀ (ਅਰਥਾਤ 25 ਵਰ੍ਹੇ) ਤੱਕ ਜਾਰੀ ਰਹੇ ਤਾਂ ਕਰੀਬ 28 ਸੈਂਟੀਮੀਟਰ ਉਤਲੀ ਤਹਿ ਰੁੜ੍ਹ-ਖੁਰ ਜਾਵੇਗੀ । ਦੇਸ਼ ਦਾ ਅੱਧ ਭੌਂ-ਖੋਰ ਹੇਠਾਂ ਆ ਚੁੱਕਾ ਹੈ । ਆਨਾਜ ਕੋਠੜੀ ਪੰਜਾਬ ਦਾ ਹਾਲ ਵੀ ਚੰਗਾ ਨਹੀਂ । ਇਸ ਦਾ ਦੱਖਣੀ ਹਿੱਸਾ ਜਿੱਥੇ ਹਵਾ-ਖੋਰ ਦਾ ਸ਼ਿਕਾਰ ਹੈ, ਉੱਥੇ ਕੇਂਦਰੀ ਪੰਜਾਬ 'ਚ ਉੱਪਰਲੀ ਪਰਤ ਦੀ ਖੁਰਚਾਈ ਹੋ ਰਹੀ ਹੈ । ਨਦੀ-ਨਾਲੇ ਕੰਢੇ ਅਤੇ ਆਧਾਰ ਖੋਰ ਰਹੇ ਹਨ । ਕੰਢੀ ਖੇਤਰ ਬੁਰੀ ਤਰ੍ਹਾਂ ਕੱਟ-ਵੱਢ ਦਾ ਸ਼ਿਕਾਰ ਹੈ । ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜਿੱਥੇ ਸਾਲ 1852 'ਚ 48,206 ਏਕੜ ਰਕਬਾ ਭੌਂ-ਖੋਰ ਅਤੇ ਚੋਆਂ ਦੀ ਮਾਰ ਹੇਠਾਂ ਸੀ, ਸਾਲ 1897 ਵਿੱਚ 94,236 ਏਕੜ ਅਤੇ ਸਾਲ 1936 ਵਿੱਚ ਇਹ ਡੇਢ ਲੱਖ ਏਕੜ ਤੋਂ ਵੀ ਉੱਪਰ ਹੋ ਗਿਆ ਸੀ । ਹੁਣ ਪਹਾੜਾਂ ਦੇ ਰੁੰਡ-ਮਰੁੰਡ ਹੋਣ ਨਾਲ ਸਥਿਤੀ ਹੋਰ ਵੀ ਬਦ ਤੋਂ ਬਦਤਰ ਹੋ ਗਈ ਹੈ । ਮੀਂਹ ਭਾਵੇਂ ਘੱਟ ਅਤੇ ਅਣਸਾਵੇਂ ਪੈਂਦੇ ਹਨ, ਪ੍ਰੰਤੂ ਨੰਗੀ ਧਰਤੀ ਹੁਣ ਬਹੁ-ਪਰਤੀ ਭੂਮੀ ਖੋਰ ਅਤੇ ਕੱਟ-ਵੱਢ ਦੀ ਸ਼ਿਕਾਰ ਹੈ । ਮਨੁੱਖ ਵੱਲੋਂ ਕੁਦਰਤੀ ਜਲ-ਵਹਿਣ ਮੱਲ ਲੈਣ ਕਾਰਨ ਹੜ੍ਹਾਂ ਦੀ ਭਿਆਨਕਤਾ ਵੀ ਵਧ ਗਈ ਹੈ । ਭਾਰਤੀ ਖੇਤੀ ਖੋਜ ਕੌਂਸਲ ਅਨੁਸਾਰ ਇਸ ਸਮੇਂ ਸਾਡੇ ਦੇਸ਼ ਦੇ ਕੁੱਲ ਭੂਗੋਲਿਕ ਰਕਬੇ ਨੂੰ ਪਾਣੀ ਅਤੇ ਪੌਣ-ਖੁਰਨ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਸ ਵਿੱਚੋਂ ਸੱਤ ਕਰੋੜ ਹੈਕਟੇਅਰ ਖੇਤਰ ਭੌਂ-ਖੁਰਨ ਦੇ ਕਾਰਨ ਅਤਿਅੰਤ ਗੰਭੀਰ ਰੂਪ ਵਿੱਚ ਖਰਾਬ ਹੋ ਚੁੱਕਾ ਹੈ । ਭੂ-ਵਿਗਿਆਨੀਆਂ ਦੀ ਰਾਇ ਹੈ ਕਿ ਭਾਰਤ ਵਿੱਚ ਫੀ ਸਾਲ ਸੱਤਰ ਹਜ਼ਾਰ ਵਰਗ ਫੁੱਟ ਭੂਮੀ ਅਤੇ ਲਗਭਗ ਛੇ ਅਰਬ ਟਨ ਮਿੱਟੀ ਦਾ ਕਟਾਅ ਹੁੰਦਾ ਹੈ, ਜੋ ਆਪਣੇ ਨਾਲ ਪੌਦਿਆਂ ਲਈ ਲੋੜੀਂਦੀਆਂ ਲਗਭਗ 90 ਲੱਖ ਟਨ ਰਸਾਇਣੀ ਖਾਦਾਂ ਅਤੇ ਉਨ੍ਹਾਂ ਦੇ ਪੌਸ਼ਕ ਤੱਤਾਂ ਨੂੰ ਰੋੜ੍ਹ ਕੇ ਲੈ ਜਾਂਦੀ ਹੈ । ਦੇਸ਼ ਵਿੱਚ ਵਧਦੇ ਹੋਏ ਭੌਂ-ਖੁਰਨ ਦੇ ਕਾਰਨ ਹਰ ਸਾਲ ਤਿੰਨ ਹਜ਼ਾਰ ਕਰੋੜ ਰੁਪਏ ਦੀ ਹਾਨੀ ਹੁੰਦੀ ਹੈ ਅਤੇ ਜੇ ਆਉਣ ਵਾਲੇ 20 ਵਰ੍ਹਿਆਂ ਤੱਕ ਇਹੋ ਹਾਲਾਤ ਰਹੇ ਤਾਂ ਇੱਕ ਤਿਹਾਈ ਖੇਤੀਯੋਗ ਭੂਮੀ ਨਸ਼ਟ ਹੋ ਜਾਵੇਗੀ । ਇਸ ਤੋਂ ਇਲਾਵਾ ਭੌਂ-ਖੁਰਨ ਦੇ ਕਾਰਨ ਬਨਸਪਤੀ ਵੀ ਹੌਲੀ-ਹੌਲੀ ਨਸ਼ਟ ਹੋਣ ਲਗਦੀ ਹੈ ਅਤੇ ਧਰਤੀ ਦੇ ਤਲ ਦੀ ਉਪਰਲੀ ਜਰਖੇਜ਼ੀ ਤਹਿ ਖਤਮ ਹੋ ਜਾਂਦੀ ਹੈ, ਫਲਸਰੂਪ ਸਮਾਂ ਪਾ ਕੇ ਉਹ ਹਿੱਸਾ ਰੇਗਿਸਤਾਨ ਵਿੱਚ ਤਬਦੀਲ ਹੋ ਜਾਂਦਾ ਹੈ ।

ਪੰਜਾਬ 'ਚ ਹੁਣ ਮੁੱਖ ਤੌਰ 'ਤੇ ਹਵਾ ਦੀ ਬਜਾਏ, ਬਹੁਤੀ ਭੌਂ-ਖੋਰ ਪਾਣੀ ਨਾਲ ਹੋ ਰਹੀ ਹੈ । ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ, ਕੁਦਰਤੀ (ਸਹਿਜ) ਅਤੇ ਵਧਿਆ ਹੋਇਆ (ਮਨੁੱਖੀ ਆਪ ਹੁਦਰੀਆਂ ਕਾਰਨ) । ਜਦੋਂ ਭੂਮੀ ਖੋਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ, ਪ੍ਰੰਤੂ ਇਹ ਉਸੇ ਸਥਿਤੀ ਵਿੱਚ ਹੁੰਦਾ ਹੈ, ਜਦੋਂ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ । ਪ੍ਰੰਤੂ ਹੁਣ ਅਜਿਹਾ ਨਹੀਂ ਹੈ ।

ਮਨੁੱਖੀ ਲੋੜਾਂ, ਲਾਲਸਾ ਕਾਰਨ ਭੂਮੀ ਨੰਗ-ਧੜੰਗੀ ਕਰ ਦਿੱਤੀ ਗਈ ਹੈ । ਉਸ ਦੀ ਵਰਤੋਂ ਵੀ ਉਸ ਦੀ ਯੋਗਤਾ ਅਨੁਸਾਰ ਨਹੀਂ ਹੋ ਰਹੀ, ਜਿਸ ਕਾਰਨ ਭੂਮੀ ਖੋਰ ਅਤੇ ਮਾਰੂਥਲੀਕਰਨ ਵਧ ਰਿਹਾ ਹੈ ।

ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ 'ਜੇ ਮਿੱਟੀ ਅਤੇ ਪਾਣੀ ਹੈ, ਤਦ ਹੀ ਬਨਸਪਤੀ (ਜੰਗਲ) ਹੈ । ਜੰਗਲ ; ਜੋ ਵਰਖਾ ਦੇ ਸਾਕਸ਼ੀ ਹਨ, ਵਰਖਾ; ਪਾਣੀ ਦਾ ਮੁੱਢਲਾ ਸੋਮਾ ਹੈ, ਪਾਣੀ-ਮਿੱਟੀ; ਜੀਵਨ ਆਧਾਰ ਹਨ ।' ਭੌਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ, ਮੈਦਾਨੀ ਜਲ ਵਹਿਣਾ ਅਤੇ ਪਾਟ ਭਰਨ ਨਾਲ ਹੜ੍ਹਾਂ ਦਾ ਖਤਰਾ, ਜਲ-ਕੁੰਡ ਮਿੱਟੀ ਨਾਲ ਪੂਰ ਹੋਣ ਨਾਲ ਜਲ-ਗ੍ਰਹਿਣ ਸਮਰੱਥਾ 'ਚ ਘਾਟਾ, ਜ਼ਮੀਨ ਦਾ ਟੋਟਿਆਂ-ਟੋਟਿਆਂ ਵਿੱਚ ਵੰਡੇ ਜਾਣਾ, ਜਲ ਤਲ ਦਾ ਨੀਵੇਂ ਤੋਂ ਨੀਵਾਂ ਹੁੰਦੇ ਜਾਣਾ, ਸਮੁੰਦਰ ਦਾ ਤਲ ਉੱਚਾ ਹੁੰਦੇ ਜਾਣਾ, ਵਰਖਾ ਗੜਬੜਾ ਜਾਣਾ ਤੋਂ ਬਿਨਾਂ ਖਾਧ ਪਦਾਰਥਾਂ ਦੀ ਪੈਦਾਵਾਰ ਦਾ ਘਟਣਾ ਅਤੇ ਸੰਪਤੀਆਂ ਸਮੇਤ ਜਾਨਾਂ ਦਾ ਖੋਹ ਆਦਿ ਇਸ ਦੀਆਂ ਭੈੜੀਆਂ ਅਲਾਮਤਾਂ ਹਨ । ਜਲ ਅਤੇ ਹਵਾ ਨਾਲ ਲਗਾਤਾਰ ਹੁੰਦੀ ਭੌਂ-ਖੋਰ, ਕੱਟ-ਵੱਢ ਅਤੇ ਉਡਾਈ, ਉਪਰੰਤ ਸਾਡੇ ਪੱਲੇ ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਵੇਗੀ, ਸਗੋਂ ਅਸੀਂ ਸਮੁੰਦਰ ਕੰਢਲੇ ਸ਼ਹਿਰਾਂ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ । ਲੱਗਦਾ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ । ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ ਵਿੱਚ ਬਦਲ ਗਿਆ, ਜਦੋਂ ਜੰਗਲ ਰੁੱਸ ਗਏ । ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾਂਹ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ । ਮੌਜੂਦਾ ਮਾਰੂਥਲ (ਰੇਗਿਸਤਾਨ) ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਆਨਾਜ ਖੇਤਰ ਹੁੰਦੇ ਸਨ । ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ । ਮੈਸੋਪਟਾਮੀਆਂ, ਫਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੇਬੀਲੋਨ ਅਤੇ ਅਸੀਰੀਆ ਕਦੇ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖਤ ਸਨ । ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ । ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ । ਕਿਉਂ । ਇਨ੍ਹਾਂ ਕੁਦਰਤ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ । ਸਾਡੇ ਆਪਣੇ ਮੋਹੰਜੋਦੜੋ ਅਤੇ ਹੜੱਪਾ ਵਰਗੇ ਸੱਭਿਅਕ ਖਿੱਤਿਆਂ ਦਾ ਕੀ ਬਣਿਆਂ ? ਕੀ ਅਸੀਂ ਬਚੇ ਰਹਾਂਗੇ ?

ਮੁੱਕਦੀ ਗੱਲ, ਸਿਰਜਣ ਅਤੇ ਪੋਸ਼ਣ ਦੀ ਸਮਰੱਥਾ ਰੱਖਣ ਵਾਲੀ ਭੂਮੀ ਸਮੁੱਚੀ ਬਨਸਪਤੀ ਅਤੇ ਪ੍ਰਾਣੀ-ਸੰਸਾਰ ਦੀ ਹੋਂਦ ਦਾ ਆਧਾਰ ਹੈ । ਮਾਨਵ-ਜਾਤ ਅਤੇ ਜੀਵ-ਜੰਤੂਆਂ ਦੀ ਹੋਂਦ ਲਈ ਨਾ ਕੇਵਲ ਵਿਗਿਆਨਕ ਢੰਗ ਨਾਲ ਵੱਧ ਤੋਂ ਵੱਧ ਸਦ-ਉਪਯੋਗ ਲਾਜ਼ਮੀ ਹੈ, ਸਗੋਂ ਭੂਮੀ ਦੀ ਸਮੁਚਿਤ ਸੁਰੱਖਿਆ ਕਰਨਾ ਵੀ ਅਤਿਅੰਤ ਜ਼ਰੂਰੀ ਹੈ । ਸਾਨੂੰ ਪਹਾੜਾਂ-ਮੈਦਾਨਾਂ ਦੀ ਮਿੱਟੀ ਖੜ੍ਹਾਉਣੀ ਪਵੇਗੀ ਨਹੀਂ ਤਾਂ ਬੜੀ ਦੇਰ ਹੋ ਜਾਵੇਗੀ । ਆਓ ! ਆਪਣੇ ਵਾਰਸਾਂ ਲਈ ਤੁਰੰਤ-ਪੈਰੀਂ ਇਸ ਨਾਅਰੇ 'ਤੇ ਅਮਲ ਕਰੀਏ -

'ਖੇਤ ਦੀ ਮਿੱਟੀ ਖੇਤ 'ਚ, ਖੇਤ ਦਾ ਪਾਣੀ ਖੇਤ 'ਚ ।

ਪਿੰਡ ਦੀ ਮਿੱਟੀ ਪਿੰਡ ਵਿੱਚ, ਪਿੰਡ ਦਾ ਪਾਣੀ ਪਿੰਡ ਵਿੱਚ ।'

ਆਓ 'ਬਿਰਖਾਂ (ਦਰਖਤਾਂ) ਦੀ ਗੱਲ ਕਰੀਏ, ਦਰਿਆਵਾਂ ਦੀ ਬਾਂਹ ਫੜੀਏ,

ਧਰਤੀ ਦਾ ਅਦਬ ਕਰੀਏ ॥'

**ਵਿਜੈ ਬੰਬੇਲੀ**

# ਸਬਜ਼ੀਆਂ ਵਿੱਚ 'ਖੁਰਾਕੀ ਤੱਤਾਂ' ਦੀ ਘਾਟ ਦੀ ਪਛਾਣ ਅਤੇ ਰੋਕਥਾਮ

ਹਰ ਇਕ ਫਸਲ ਦੇ ਵਾਧੇ ਲਈ ਹਵਾ, ਪਾਣੀ, ਧੁੱਪ ਅਤੇ ਸਹੀ ਤਾਪਮਾਨ ਤੋਂ ਇਲਾਵਾ ਵੱਡੇ ਅਤੇ ਛੋਟੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ । ਵੱਡੇ ਤੱਤਾਂ ਦੀ ਸ਼੍ਰੇਣੀ ਵਿਚ ਆਕਸੀਜਨ, ਕਾਰਬਨ, ਹਾਈਡ੍ਰੋਜਨ, ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਆਉਂਦੇ ਹਨ । ਜਦਕਿ ਆਇਰਨ, ਜ਼ਿੰਕ, ਮੈਗਨੀਜ਼, ਤਾਂਬਾ, ਬੋਰੋਨ, ਮੇਲੀਬਰੇਨਮ ਅਤੇ ਕਲੋਰੀਨ ਤੱਤ ਸੂਖਮ/ਛੋਟੇ ਤੱਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ । ਇਹ ਸਾਰੇ ਖੁਰਾਕੀ ਤੱਤ ਬੂਟੇ ਦੇ ਵਾਧੇ ਅਤੇ ਵਧੀਆ ਝਾੜ ਲਈ ਬਹੁਤ ਹੀ



ਮਹੱਤਵਪੂਰਨ ਹਨ । ਫਸਲ ਵਿਚ ਕਿਸੇ ਵੀ ਤੱਤ ਦੀ ਘਾਟ ਆਉਣ ਉਪਰੰਤ ਝਾੜ ਤੇ ਮਾੜਾ ਅਸਰ ਪੈਂਦਾ ਹੈ, ਜਿਸ ਨਾਲ ਕਾਸ਼ਤਕਾਰਾਂ ਨੂੰ ਘਾਟਾ ਪੈਂਦਾ ਹੈ ।

**ਨਾਈਟ੍ਰੋਜਨ** : ਇਸ ਦੀ ਘਾਟ ਉਨ੍ਹਾਂ ਜ਼ਮੀਨਾਂ ਵਿਚ ਆਉਂਦੀ ਹੈ, ਜਿਨ੍ਹਾਂ ਵਿਚ ਨਾਈਟ੍ਰੋਜਨ ਵਾਲੀਆਂ ਰਸਾਇਣਕ ਖਾਦਾਂ ਜਾਂ ਗਲਿਆ-ਸੜਿਆ ਮੱਲੜ ਜਾਂ ਦੇਸੀ ਰੂੜੀ ਨਾ ਪਾਈ ਹੋਵੇ । ਇਸ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ 'ਤੇ ਦਿਖਾਈ ਦਿੰਦੀਆਂ ਹਨ । ਸਭ ਤੋਂ ਪਹਿਲਾਂ ਪੱਤਾ ਨੋਕ ਤੋਂ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਬਾਅਦ ਵਿਚ ਪੀਲਾਪਣ ਪੱਤੇ ਦੀ ਮੁੱਖ ਨਾੜੀ ਦੇ ਨਾਲ-ਨਾਲ ਵਧਦੀ ਹੋਈ ਪੱਤੇ ਦੇ ਮੁੱਢ ਤੱਕ ਪਹੁੰਚ ਜਾਂਦੀ ਹੈ । ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਨੂੰ ਟਾਹਣੀਆਂ ਅਤੇ ਫਲ-ਫੁੱਲ ਘੱਟ ਲੱਗਦੇ ਹਨ । ਪੌਦਿਆਂ ਦਾ ਕੂਲਾਪਣ ਘਟ ਜਾਂਦਾ ਹੈ ।

**ਰੋਕਥਾਮ** : ਫਸਲ ਦੀ ਸ਼ਿਫਾਰਸ਼ ਕੀਤੀ ਰੂੜੀ ਅਤੇ ਨਾਈਟ੍ਰੋਜਨ ਦੀ ਖਾਦ ਸਹੀ ਮਾਤਰਾ ਵਿਚ ਸਹੀ ਸਮੇਂ 'ਤੇ ਵਰਤੋ ।

**ਫਾਸਫੋਰਸ** : ਇਸ ਦੀ ਘਾਟ ਰੇਤਲੀਆਂ ਅਤੇ ਜੈਵਿਕ ਮਾਦੇ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਆਉਂਦੀ ਹੈ । ਜਿਨ੍ਹਾਂ ਜ਼ਮੀਨਾਂ ਵਿਚ ਲੋਹੇ ਅਤੇ ਐਲਮੀਨੀਅਮ ਦੇ ਆਕਸਾਈਡ ਅਤੇ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਉੱਥੇ ਫਾਸਫੋਰਸ ਦੀ ਪ੍ਰਾਪਤੀ ਤੋਂ ਮਾੜਾ ਅਸਰ ਪੈਂਦਾ ਹੈ । ਜਿਸ ਬੂਟੇ ਦੀ ਫਾਸਫੋਰਸ ਦੀ ਘਾਟ ਆ ਜਾਂਦੀ ਹੈ । ਇਸ ਤੱਤ ਦੀ ਘਾਟ ਨਾਲ ਬੂਟੇ ਦੇ ਪੁਰਾਣੇ ਪੱਤੇ ਗੂੜੇ ਹਰੇ ਹੋ ਕੇ ਬਾਅਦ ਵਿਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ । ਜਿਸ ਨਾਲ ਹੌਲੀ-ਹੌਲੀ ਸਾਰੇ ਪੱਤੇ ਵਿਚ ਮੁੱਢ ਤੱਕ ਜਾਮਣੀਪਣ ਆ ਜਾਂਦਾ ਹੈ । ਜ਼ਿਆਦਾ ਘਾਟ ਹੋਣ ਦੀਆਂ ਹਾਲਤਾਂ ਵਿਚ ਪੂਰਾ ਬੂਟਾ ਹੀ ਜਾਮਣੀ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ । ਪੱਤਿਆਂ ਦੇ ਨਾਲ-ਨਾਲ ਫੁੱਲ ਵੀ ਜਾਮਣੀ ਹੋ ਜਾਂਦੇ ਹਨ, ਜੋ ਕਿ ਮੰਡੀਕਰਨ ਯੋਗ ਨਹੀਂ ਹੁੰਦੇ ।

**ਰੋਕਥਾਮ** : ਫਸਲ ਮੁਤਾਬਕ ਸ਼ਿਫਾਰਸ਼ ਕੀਤੀ ਹੋਈ ਫਾਸਫੋਰਸ ਖਾਦ ਦੀ ਮਾਤਰਾ ਜ਼ਮੀਨ ਵਿਚ ਬਿਜਾਈ ਸਮੇਂ ਪਾਓ । ਫਾਸਫੋਰਸ ਖਾਦਾਂ ਦੀ ਘੁਲਣਸ਼ੀਲਤਾ ਘੱਟ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਬੀਜ/ਬੂਟੇ ਦੀਆਂ ਜੜ੍ਹਾਂ ਦੇ ਨੇੜੇ ਕਰੋ ।

**ਪੋਟਾਸ਼ੀਅਮ** : ਰੇਤਲੀਆਂ ਅਤੇ ਘੱਟ ਜੈਵਿਕ ਮਾਦੇ ਵਾਲੀਆਂ ਜ਼ਮੀਨਾਂ ਵਿਚ ਇਸ ਤੱਤ ਦੀ ਘਾਟ ਪਾਈ ਜਾਂਦੀ ਹੈ । ਇਸ ਤੋਂ ਇਲਾਵਾ ਪੋਟਾਸ਼ੀਅਮ ਵਾਲੀਆਂ ਖਾਦਾਂ ਨਾ ਪਾਉਣ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਅਕਸਰ ਆਉਂਦੀ ਹੈ । ਇਸ ਤੱਤ ਦੀ ਘਾਟ ਨਾਲ ਪੁਰਾਣੇ ਪੱਤਿਆਂ ਦੇ ਕੰਢੇ ਅਤੇ ਨੁੱਕਰਾਂ ਪੀਲੀਆਂ ਹੋ ਜਾਂਦੀਆਂ ਹਨ । ਇਹ ਪੀਲਾਪਣ ਪੱਤੇ ਦੇ ਮੁੱਢ ਵੱਲ ਵੱਧਦਾ ਹੈ । ਜਿਵੇਂ-ਜਿਵੇਂ ਪੀਲਾਪਣ ਵੱਧਦਾ ਹੈ, ਪੱਤੇ ਦਾ ਪਹਿਲਾਂ ਪੀਲਾ ਪਿਆ ਹਿੱਸਾ ਭੂਰਾ ਹੋ ਜਾਂਦਾ ਹੈ ਜੋ ਕਿ ਪੱਤੇ 'ਤੇ ਸਾੜ੍ਹ ਦੀ ਤਰ੍ਹਾਂ ਲੱਗਦਾ ਹੈ । ਜ਼ਿਆਦਾ ਘਾਟ ਦੀਆਂ ਹਾਲਤਾਂ ਵਿਚ ਪੁਰਾਣੇ ਅਤੇ ਪੱਤੇ ਭੂਰੇ ਹੋ ਜਾਂਦੇ ਹਨ ।

**ਰੋਕਥਾਮ** : ਫਸਲ ਮੁਤਾਬਕ ਬਿਜਾਈ ਸਮੇਂ ਪੋਟਾਸ਼ੀਅਮ ਵਾਲੀ ਖਾਦ ਦੀ ਸ਼ਿਫਾਰਸ਼ ਮਾਤਰਾ ਪਾਓ ।

**ਗੰਧਕ** : ਗੰਧਕ ਦੀ ਘਾਟ ਰੇਤਲੀਆਂ, ਘੱਟ ਜੈਵਿਕ ਮਾਦਾ ਵਾਲੀਆਂ ਅਤੇ ਨਹਿਰੀ ਪਾਣੀ ਦੀ ਸਿੰਚਾਈ ਵਾਲੀਆਂ ਜ਼ਮੀਨਾਂ ਵਿਚ ਵਧੇਰੇ ਆਉਂਦੀ ਹੈ । ਇਸ ਤੱਤ ਦੀ ਘਾਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਆਉਂਦੀ ਹੈ, ਜੋ ਕਿ ਹਲਕੇ ਹਰੇ ਤੋਂ ਪੀਲੇ ਹੋ ਜਾਂਦੇ ਹਨ । ਬੂਟੇ ਦੀ ਘਾਟ ਵਧਣ ਦੇ ਹਾਲਤਾਂ ਵਿਚ ਪੂਰਾ ਪੱਤਾ ਹੀ ਪੀਲਾ ਹੋ ਜਾਂਦਾ ਹੈ ।

**ਰੋਕਥਾਮ** : ਘਾਟ ਵਾਲੀਆਂ ਜ਼ਮੀਨਾਂ ਵਿਚ ਸਿੰਗਲ ਸੁਪਰ ਫਾਸਫੋਰਸ ਦੀ ਵਰਤੋਂ ਨੂੰ ਤਰਜੀਹ ਦਿਓ । ਬਿਜਾਈ ਵੇਲੇ 50-100 ਕਿਲੋ ਜਿਪਸਮ ਪ੍ਰਤੀ ਏਕੜ ਦੀ ਵਰਤੋਂ ਕਰੋ ਤਾਂ ਜੋ ਇਸ ਘਾਟ ਤੋਂ ਬਚਿਆ ਜਾ ਸਕੇ ।

**ਮੈਗਨੀਜ਼** : ਰੇਤਲੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿਚ ਇਸ ਦੀ ਘਾਟ ਆਉਂਦੀ ਹੈ । ਇਸ ਦੀ ਘਾਟ ਨਾਲ ਨਵੇਂ ਪੱਤਿਆਂ ਉੱਪਰ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ । ਜਦ ਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ । ਬਾਅਦ ਵਿਚ ਪੀਲੇ ਹਿੱਸੇ ਵਿਚ ਭੂਰੇ ਲਾਲ ਜਾਂ ਭੂਰੇ ਕਾਲੇ ਜਾਂ ਸਲੇਟੀ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ । ਜ਼ਿਆਦਾ ਘਾਟ ਵਿਚ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ ।

**ਰੋਕਥਾਮ** : ਇਸ ਤੱਤ ਦੀ ਘਾਟ ਦੀ ਰੋਕਥਾਮ ਲਈ 0.2-0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (200-500 ਗ੍ਰਾਮ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾ ਕਰੋ । ਹਫਤੇ-ਹਫਤੇ ਬਾਅਦ 2 ਤੋਂ 4 ਛਿੜਕਾ ਘਾਟ ਅਨੁਸਾਰ ਕਰੋ ।

**ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ**


## ਬਲਾਕ ਕਾਹਨੂੰਵਾਨ ਦੇ 6 ਕਿਸਾਨਾਂ ਨੇ ਖੇਤੀ ਵਿਭਿੰਨਤਾ 'ਚ

# ਕਮਰਸ਼ੀਅਲ ਲੱਸਣ ਦੀ ਕਾਸ਼ਤ ਬਾਰੇ ਆਪਣੇ ਅਹਿਮ ਤਜ਼ਰਬੇ ਕੀਤੇ ਸਾਂਝੇ

ਦੋਸਤੋ ਖੇਤੀ ਵਿਭਿੰਨਤਾ 'ਚ ਮਸਾਲੇਦਾਰ ਫਸਲ ਲੱਸਣ ਦੀ ਕਾਸ਼ਤ ਇਕ ਅਜਿਹੀ ਕਾਸ਼ਤ ਹੈ ਜੋ ਬਿਨਾਂ ਕਿਸੇ ਸੁਚੱਜੇ ਮੰਡੀਕਰਨ ਦੇ, ਆਮ ਫਸਲਾਂ ਨਾਲੋਂ ਵੱਧ ਖੁਦ ਕਿਸਾਨ ਦੀ ਭੱਜ ਨੱਠ, ਸਰਕਾਰੀ ਛੋਟਾਂ ਤੋਂ ਦੂਰ ਇਨਪੁੱਟਸ, ਕਿਸਾਨ ਭਰਾਵਾਂ ਦੀ ਅਥਾਹ ਮਿਹਨਤ ਤੇ ਖੱਪਾਈ ਏਸ ਕਾਸ਼ਤ 'ਚ ਸਾਂਭ ਸੰਭਾਲ ਮਾਲਕ ਵਲੋਂ ਹੋਈ ਦਿੱਸੀ, ਪਿੰਡ ਦੇ ਵਧੇਰੇ ਲੋਕਾਂ ਨੂੰ ਏਸ ਫਸਲ ਤੇ ਬੱਝਵਾਂ ਰੋਜ਼ਗਾਰ ਮਿਲਦਾ ਦਿੱਸਿਆ, ਆਪੋ ਆਪਣੇ ਲਿੰਕ 'ਚ ਆਮ ਕੀਤੀ ਵਿਕਸਤ ਮੰਡੀ, ਲੱਸਣ ਅਪ੍ਰੈਲ ਵਿਚ ਚੋਰੀ ਹੋਣ ਦਾ ਵਧੇਰੇ ਡਰ, ਵੱਖ ਵੱਖ ਮੰਡੀਆਂ 'ਚ ਹੋਏ ਨੁਕਸਾਨ, ਇਸ ਕਾਸ਼ਤ 'ਚ ਹੋਰਨਾਂ ਫਸਲਾਂ ਨਾਲੋਂ ਦੇਖਣ ਵਾਲੀ ਗੱਲ ਹੈ । ਵਾਕਿਆਂ ਹੀ ਇਨਾਂ ਕਿਸਾਨਾਂ ਭਰਾਵਾਂ ਨੂੰ ਵਧਾਈ ਤੇ ਜ਼ਿਆਦਾ ਮਿਹਨਤ ਨੂੰ ਦਾਤ ਦੇਣੀ ਬਣਦੀ ਹੈ ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401








**ਪੰਜਾਬ ਸਰਕਾਰ ਨੂੰ ਕੀਤੀ ਅਪੀਲ ਮੰਡੀਕਰਨ ਰੇਟ ਕਰੇ ਫਿਕਸ, ਵੱਧ ਸਾਂਭ ਸੰਭਾਲ ਦੀ ਮਿਹਨਤ ਦੇਖਦੇ ਲਵਾਈ/ਪੁਟਾਈ ਮਸ਼ੀਨਾਂ ਦੇ ਦੇਵੇ ਸਬਸਿਡੀ, ਹੋਰ ਫਸਲਾਂ ਨਾਲੋਂ ਘੱਟ ਪਾਣੀ ਖਪਤ ਤੇ ਵਧੇਰੇ ਹੈ ਲਾਹੇਵੰਦ**

## ਆਓ ਗੱਲ ਕਰੀਏ ਕਿਸਾਨਾਂ ਨਾਲ :

1) **ਗੁਰਮੀਤ ਸਿੰਘ ਲਾਡੀ** (98158-51285) **ਪਿੰਡ ਬਸੰਤਗੜ੍ਹ** ਨੇ ਕਿਹਾ ਕਿ ਮੈਂ ਪਿਛਲੇ 10 ਸਾਲਾਂ ਤੋਂ ਇਸਦੀ ਖੇਤੀ ਕਰਦਾ ਹਾਂ । ਜਿਸ ਤਹਿਤ ਇਸ ਵਾਰ ਤਿੰਨ ਏਕੜ ਰਕਬੇ 'ਚ ਦੇਸੀ ਲਾਲ ਲੱਸਣ ਦੀ ਕਾਸ਼ਤ ਕੀਤੀ । ਅਕਤੂਬਰ ਦੇ ਦੂਜੇ ਹਫਤੇ 'ਚ ਬਿਜਾਈ ਕੀਤੀ ਤੇ ਝੋਨੇ ਵੇਲੇ ਅਗੇਤੀ ਮੁਰਗੀਆਂ ਦੀ ਰੂੜੀ ਪਾਈ ਤਾਂ ਜੋ ਗੈਸ ਆਦਿ ਦੀ ਭੜਾਸ ਖਤਮ ਹੋ ਜਾਵੇ ਤੇ ਦੂਜੀ ਵਾਰ ਫਸਲ ਤੋਂ ਬਾਅਦ 10 ਟਰਾਲੀਆਂ ਦੇਸੀ ਪਸ਼ੂ ਰੂੜੀ ਦੀ ਪਾਉਂਦੇ । ਇਸ ਦੇ ਨਾਲ ਏਕੜ ਲਈ ਇਕ ਡੀ ਏ ਪੀ ਅਤੇ ਇਕ ਪੋਟਾਸ਼ ਦੀ ਬੋਰੀ ਪਾਉਂਦੇ । ਅਸੀਂ ਏਕੜ ਬਿਜਾਈ ਲਈ 2.5 ਕੁਇੰਟਲ ਬੀਜ ਤੇ ਤੁਰੀ ਤੋਂ ਤੁਰੀ 6-8 ਇੰਓ ਤੇ ਫਾਲੇ ਤੋਂ ਫਾਲਾਂ 9 ਇੰਚ ਰੱਖਦੇ ਹਾਂ । ਅਸੀਂ ਲੇਬਰ ਨਾਲ ਲਵਾਈ, ਗੋਡੀ, ਇਕ ਏਕੜ ਲਸਣ ਤੇ ਡੇਢ ਏਕੜ ਦੀ ਪਰਾਲੀ ਖਿਲਾਰ ਦਿੰਦੇ ਹਾਂ ਮਲਚਿੰਗ ਲਈ, ਜਿਸ ਨਾਲ ਘਾਹ ਘੱਟ ਹੁੰਦਾ ਹੈ । ਉਹਨਾਂ ਕਿਹਾ ਕਿ ਫਰਵਰੀ ਮਾਰਚ 'ਚ ਫੰਗਸ ਦੀ ਦੋ ਐਮੀਸਟਾਰ ਟੋਪ ਦੀਆਂ ਸਪਰੇਅ ਕਰਦੇ । ਅਪ੍ਰੈਲ ਮਈ 'ਚ ਪੱਕੇ ਲੱਸਣ ਲਈ ਸਾਨੂੰ ਦਿਨ ਰਾਤ ਖੇਤ ਚ ਰਹਿਣਾ ਪੈਂਦਾ । ਚੋਰੀ ਪੁੱਟਣ ਦਾ ਡਰ ਬਣਿਆ ਰਹਿੰਦਾ ਕਿਉਂਕਿ ਸਾਡੇ ਲਾਗੇ ਅਜਿਹਾ ਹੋ ਗਿਆ । ਅੱਜ ਮੰਡੀਕਰਨ ਲਈ ਮੈਂ ਖੁਦ ਕਿਸਾਨ ਮੇਲਿਆਂ 'ਚ ਵੇਚਣ ਲਈ ਲੈ ਕੇ ਜਾਂਦਾ ਹਾਂ । ਦੂਜਾ ਘਰੋਂ ਲੋਕ ਆਪ 150 ਰੁਪਏ ਖਰੀਦ ਲੈ ਜਾਂਦੇ ਹਨ । ਮੇਰਾ ਖੇਤੀ ਦੁਕਾਨਾਂ ਦੇ ਸਟੋਰਾਂ ਤੇ 300 ਰੁਪਏ ਵਿਕ ਜਾਂਦਾ । ਮੇਰਾ ਪਿੰਡ ਕਾਹਨੂੰਵਾਨ ਵੱਡਾ ਹੋਣ ਕਰਕੇ ਕਈ ਵਾਰ ਡੀਮਾਂਡ ਜ਼ਿਆਦਾ ਹੋਣ ਕਰਕੇ ਬਹੁਤੇ ਲੋਕ ਸਾਨੂੰ ਮੋੜਨੇ ਪੈਂਦੇ ਹਨ । ਏਸ ਸੰਭਾਲ ਲਈ ਸਾਡਾ 300 ਪਲਾਸਟਿਕ ਕਰੇਟ ਲੱਗਦਾ । ਅਗਲਾ ਪਲੈਨ ਪਹਿਲਾਂ ਗੱਲ ਕਰਕੇ ਜਲੰਧਰ ਮੰਡੀ ਲੈ ਕੇ ਜਾਣ ਦਾ ਹੈ । ਇਸ ਕਾਸ਼ਤ ਦੀ ਸਾਂਭ ਸੰਭਾਲ ਬਹੁਤ ਜ਼ਿਆਦਾ ਜੇ ਢੇਰੀ ਲੱਗ ਜਾਵੇ ਤਾਂ ਭੜਾਸ ਨਾਲ ਖਰਾਬ ਹੋ ਜਾਂਦਾ ਦੂਜਾ ਸਿੱਧਾ ਧੁੱਪ/ਮੀਂਹ ਨਾ ਪਵੇ । ਮੈਨੂੰ 50,000/- ਹਜ਼ਾਰ ਰੁਪਏ ਲੇਬਰ 15 ਬੰਦਿਆਂ ਦੀ ਪੈ ਜਾਂਦੀ ਹੈ, ਲਵਾਈ ਪੁਟਾਈ ਪਰਾਲੀ ਤੇ ਕੱਟਰ ਆਦਿ ਪਾ ਕੇ । ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਾਸ਼ਤ ਚੰਗੀ ਹੈ ਪਹਿਲਾਂ ਕਨਾਲ ਤੋਂ ਸ਼ੁਰੂਆਤ ਕਰਨ । ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਏਸ ਕਾਸ਼ਤ ਨੂੰ ਵਧੇਰੇ ਸਬਸਿਡੀ ਹੇਠ ਲਿਆਉਣ ਦੀ ਲੋੜ ਹੈ ।

2) **ਅਮਰਜੀਤ ਸਿੰਘ** (75279-32914) **ਪਿੰਡ ਕਠਾਣਾ** ਨੇ ਕਿਹਾ ਕਿ ਮੈਂ ਪਿਛਲੇ 6 ਸਾਲਾਂ ਤੋਂ ਲੱਸਣ ਜੰਮੂ ਤੋਂ ਮੋਟੀ ਲੰਬੀ ਲੋਕਲ ਕਿਸਮ ਲਿਆ ਕੇ ਉਸ ਦੀ ਬਿਜਾਈ 10 ਅਕਤੂਬਰ ਨੂੰ ਛੇ ਕਨਾਲ ਰਕਬੇ ਚ ਕਰਦਾ ਤੇ 6-7 ਲੇਬਰ ਲਗਾਉਂਦੇ ਹਾਂ ਜਿਸ ਦਾ ਸਾਰਾ ਲਵਾਈ ਤੋਂ ਪੁਟਾਈ ਤੱਕ ਖਰਚ 32 ਹਜ਼ਾਰ ਰੁਪਏ ਆਉਂਦਾ । ਅਸੀਂ ਇਕ ਕਨਾਨ ਚ 35 ਕਿਲੋ ਬੀਜ ਲਗਾਉਂਦੇ ਤੇ ਛੇ ਕਨਾਲ ਲਈ 1.80 ਕਿਲੋ ਲੱਗਦਾ । ਦੇਸੀ ਰੂੜੀ ਦੋ ਟਰਾਲੀ, ਅੱਧੀ ਬੋਰੀ ਡੀ ਏ ਪੀ ਪਾਉਂਦੇ । ਪਹਿਲਾ ਪਾਣੀ ਜੇਕਰ ਜ਼ਮੀਨ ਰੇਤਲੀ ਹੈ ਤਾਂ ਤੁਰੰਤ ਲਗਾਉਂਦੇ ਦੂਜਾ ਪੱਚੀ ਦਿਨਾਂ ਬਾਅਦ । ਫਰਵਰੀ ਤੇ ਮਾਰਚ ਵਿਚ ਸਾਨੂੰ ਉੱਲੀਨਾਸ਼ਕ ਦੀ ਸਪਰੇਅ ਜ਼ਰੂਰ ਸੁੱਕਣ ਤੋਂ ਬਚਾਉਣ ਲਈ ਕਰਨੀ ਪੈਂਦੀ । ਮੰਡੀਕਰਨ ਲਈ ਅਸੀਂ ਮੁਕੇਰੀਆਂ, ਗੁਰਦਾਸਪੁਰ ਮੰਡੀ ਲੈ ਜਾਂਦੇ ਜੋ 70-100 ਰੁਪਏ ਵਿਕਦਾ, ਬਹੁਤ ਮਾੜਾ ਹਾਲ ਹੁੰਦਾ ਲੱਸਣ ਦਾ, ਅੱਜ ਬਹੁਤਾ ਤਾਂ ਮੇਰੇ ਨੇੜਲੇ 6 ਪਿੰਡਾਂ ਦੇ ਲੋਕ ਮੇਰੇ ਘਰ ਚੋਂ 150 ਰੁਪਏ ਲੈ ਜਾਂਦੇ, ਜੋ ਆਪਣੇ ਪੱਧਰ ਤੇ ਮਾਰਕੀਟਿੰਗ ਕਰਕੇ ਮੰਡੀ ਬਣਾਈ । ਉਹਨਾਂ ਕਿਹਾ ਕਿ ਏਸ ਕਾਸ਼ਤ ਚ ਰੇਟ ਘੱਟਣ ਦਾ ਰਿਸਕ ਬਹੁਤ ਰਹਿੰਦਾ, ਜਦਕਿ ਬੀਜ ਲੇਬਰ ਬੇਹੱਦ ਮਹਿੰਗੀ ਪਰ ਫੇਰ ਵੀ ਕਣਕ ਨਾਲੋਂ ਆਰਥਿਕ ਤੌਰ 'ਤੇ ਠੀਕ ਹੈ ਏ ਫਸਲ । ਸਾਡਾ ਝਾੜ 45 ਕੁਇੰਟਲ ਨਿਕਲ ਜਾਂਦਾ । ਅੱਜ ਬਜ਼ਾਰ ਰੇਟ 450 ਰੁਪਏ ਕਿਲੋ ਹੈ । ਚੰਗਾ ਬੀਜ ਬਹੁਤ ਮਹਿੰਗਾ ਮਿਲਦਾ । ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਏਸ ਕਾਸ਼ਤ ਥੱਲੇ ਲੇਬਰ ਖਰਚ ਬਹੁਤ ਜ਼ਿਆਦਾ ਹੁੰਦਾ, ਕੋਈ ਮਸ਼ੀਨਾਂ ਏਸ ਦੀਆਂ ਲਵਾਈ ਪੁਟਾਈ ਲਈ ਸਬਸਿਡੀ ਤੇ ਜਾਰੀ ਹੋਣ । ਦੂਜਾ ਪੰਜਾਬ ਸਰਕਾਰ ਨੂੰ ਏਸਦਾ ਰੇਟ ਫਿਕਸ ਕਰਨ ਵੱਲ ਧਿਆਨ ਦੇਣਾ ਚਾਹੀਦਾ ਜਿੰਨੀ ਲੱਸਣ ਦੀ ਕਾਸ਼ਤ ਮਹਿੰਗੀ ਤੇ ਸਾਂਭ ਸੰਭਾਲ ਵਾਲੀ ਹੈ ਉਸ ਦੇ ਕੋਈ ਪਾਲਿਸੀ ਬਣਾਵੇ ਜੇਕਰ ਖੇਤੀ ਵਿਭਿੰਨਤਾ ਵੱਲ ਕਿਸਾਨ ਤੋਰਨੇ ਹਨ ।

3) **ਦਵਿੰਦਰ ਸਿੰਘ** (88997-00682) **ਪਿੰਡ ਨੁਕਤੀਪੁਰ** ਨੇ ਕਿਹਾ ਕਿ ਮੈਂ ਪਿਛਲੇ 4 ਸਾਲਾਂ ਤੋਂ ਚਾਰ ਕਨਾਲਾਂ ਵਿਚ ਲੱਸਣ ਦੀ ਕਾਸ਼ਤ ਕਰਦਾ ਸਾਂ, ਪਰ ਇਸ ਵਾਰ ਛੇ ਕਨਾਲ ਰਕਬੇ 'ਚ ਕੀਤੀ । ਦੇਸੀ ਲਾਲ ਲੱਸਣ ਦਾ ਘਰੇਲੂ ਬੀਜ਼ ਤਿੰਨ ਕੁਇੰਟਲ ਲੱਗਦਾ ਹੈ । ਅਸੀਂ 12 ਅਕਤੂਬਰ ਨੂੰ ਬਿਜਾਈ ਕਰਕੇ ਲੇਬਰ ਪੰਜ ਔਰਤਾਂ ਲਗਾਉਂਦੇ ਹਾਂ । ਜਿਸ ਦਾ ਸਾਰਾ ਖਰਚ ਮਲਚਿੰਗ ਲਵਾਈ ਪੁਟਾਈ ਗੋਡੀ ਆਦਿ 20 ਹਜ਼ਾਰ ਲੇਬਰ ਖਰਚ ਲੱਗਦਾ । ਪਹਿਲਾ ਪਾਣੀ ਮਹੀਨੇ ਬਾਅਦ ਲਗਾਉਂਦੇ ਤੇ ਰੋਜ਼ਾਨਾ ਖੇਤ 'ਚ ਗੇੜਾ ਮਾਰਦੇ । ਇੰਟਰਕਰੋਪਿੰਗ ਆਲੂ/ਚੁਕੰਦਰ ਦੀ ਕੀਤੀ । ਅਸੀਂ 5 ਟਰਾਲੀਆਂ ਦੇਸੀ ਰੂੜੀ ਪਾਉਂਦੇ ਤੇ ਇਕ ਬੋਰੀ ਡੀ ਏ ਪੀ, ਇਕ ਪੋਟਾਸ਼ । ਅੱਜ ਬੀਜ ਰੇਟ ਮਾਰਕੀਟ 'ਚ 500 ਰੁਪਏ ਕਿਲੋ ਹੈ ਜੋ ਬੇਹੱਦ ਮਹਿੰਗੇ ਪਰ ਅਸੀਂ ਘਰੇਲੂ ਨੂੰ ਤਰਜੀਹ ਦਿੰਦੇ । ਏਸ 'ਚ ਕਣਕ ਦੀ ਫਸਲ ਨਾਲੋਂ ਵੀ ਘੱਟ ਪਾਣੀ ਲੱਗਦਾ । ਨੇੜੇ ਗੰਨਾ ਹੈ ਉਸ ਕਰਕੇ ਏਥੇ ਸੂਰ ਨੁਕਸਾਨ ਕਰਦਾ । ਅਸੀਂ ਚਾਰ ਕਨਾਲਾਂ ਤੇ ਇਕ ਏਕੜ ਦੀ ਪਰਾਲੀ ਪਾਉਂਦੇ । ਝਾੜ 6 ਕਨਾਲਾਂ ਚੋਂ 30 ਕੁਇੰਟਲ ਨਿਕਲ ਜਾਂਦਾ । ਅਸੀਂ ਪੰਦਰਾਂ ਅਪ੍ਰੈਲ ਲਾਗੇ ਪੁਟਾਈ ਕਰਦੇ । ਮੰਡੀਕਰਨ ਬਾਰੇ ਉਹਨਾਂ ਕਿਹਾ ਕਿ ਰਾਜਸਥਾਨ ਤੇ ਮਹਾਰਾਸ਼ਟਰ ਤੋਂ ਲਸਣ ਮੰਡੀਆਂ ਵਿਚ ਆਉਣ ਕਰਕੇ ਕੋਈ ਫਿਕਸ ਰੇਟ ਜਾਂ ਕੋਈ ਏਰੀਏ ਦੀ ਫਸਲ ਨੂੰ ਕੋਈ ਪੁੱਛ ਗਿੱਛ ਨਾ ਹੋਣ ਕਰਕੇ, ਪਿਛਲੀ ਵਾਰ 35 ਰੁਪਏ ਕਿਲੋ ਵਿਕਿਆ ਸਾਡਾ ਬਹੁਤ ਨੁਕਸਾਨ ਹੋਇਆ । ਹੁਣ ਅਸੀਂ ਆਲੇ ਦੁਆਲੇ ਪਹਿਲਾਂ ਰੇਟ ਪੁੱਛ ਕੇ ਫੇਰ ਦਸੂਹੇ ਮੰਡੀ ਲੈ ਕੇ ਜਾਂਦੇ ਜਿੱਥੇ 80 ਰੁਪਏ ਤੋਂ 120 ਰੁਪਏ ਮਿਲਦਾ । ਪੰਜਾਬ ਸਰਕਾਰ ਨੂੰ ਏਸ ਦੇ ਫਿਕਸ ਰੇਟ ਤਹਿ ਕਰਨਾ ਚਾਹੀਦਾ, ਰਾਜਸਥਾਨ ਵਿਚ ਏਸ ਦਾ ਮੰਡੀਕਰਨ ਸਿਸਟਮ ਬਣਿਆ ਹੋਇਆ ਹੈ । ਪੰਜਾਬ ਸਰਕਾਰ ਨੂੰ ਵੀ ਏਥੇ ਆਪਣਾ ਰੋਲ ਨਿਭਾਉਣ ਦੀ ਲੋੜ ਏ, ਬਾਕੀ ਲਵਾਈ ਪੁਟਾਈ ਮਸ਼ੀਨਾਂ ਤੇ ਸਬਸਿਡੀ ਵਧੇਰੇ ਚਾਹੀਦੀ ਹੈ ਏਸ ਦੀ ਲੇਬਰ ਖਰਚ ਤੇ ਸਾਂਭ ਸੰਭਾਲ ਦੀ ਖੱਪਾਈ ਬਹੁਤ ਹੈ ।

4) **ਗੁਰਪ੍ਰੀਤ ਸਿੰਘ** (82888-82574) **ਪਿੰਡ ਬਲਵੰਡਾ ਨੇ** ਕਿਹਾ ਕਿ ਮੈਂ ਪਿਛਲੇ 10 ਸਾਲਾਂ ਤੋਂ ਇਕ ਏਕੜ 'ਚ ਦੇਸੀ ਲਾਲ ਲੱਸਣ ਦੀ ਬਿਜਾਈ ਕਰ ਰਿਹਾ । ਅਕਤੂਬਰ 15 ਤੋਂ ਬਿਜਾਈ ਕਰਦੇ ਤੇ ਬੀਜ ਮੇਰੇ ਘਰ ਦਾ ਹੁੰਦਾ ਹੈ । ਬੱਸ ਏਸ ਨੂੰ ਨੀਵੇਂ ਸਥਾਨ ਤੇ ਨਾ ਲਗਾਓ ਨਹੀਂ ਤਾਂ ਵਧੇਰੇ ਪਾਣੀ ਬਾਰਿਸ਼ ਦਾ ਖਰਾਬ ਕਰ ਦਿੰਦਾ । ਸਾਡਾ ਝਾੜ 35 ਕੁਇੰਟਲ ਰਹਿੰਦਾ । ਅਸੀਂ ਆਪ ਵੀ ਕੰਮ ਖੇਤ 'ਚ ਕਰਦੇ ਹਾਂ ਤੇ ਨਾਲ 10-12 ਬੰਦੇ ਲੇਬਰ ਵੀ ਲਗਾਉਂਦੇ ਹਾਂ ਜਿਸ ਦਾ ਲਵਾਈ, ਕੱਟਰ ਪਰਾਲੀ, ਪੁਟਾਈ ਸਭ ਪਾ ਕੇ 40 ਹਜ਼ਾਰ ਰੁਪਏ ਖਰਚ ਚੜ੍ਹਦਾ । ਅਸੀਂ ਦੇਸੀ ਰੂੜੀ 4 ਟਰਾਲੀਆਂ ਕਿਲੇ ਲਈ ਪਾਉਂਦੇ । ਬੈੱਡਾਂ ਤੇ ਲੱਸਣ ਲਗਾਉਂਦੇ ਹਾਂ ਜਿਸਦਾ ਫਾਇਦਾ ਘੱਟ ਪਾਣੀ ਤੇ ਖਾਲਾਂ ਕਰਕੇ ਵਧੇਰੇ ਸਲਾਬ ਨਾਲ ਸਰ ਜਾਂਦਾ । ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਰਾਜਸਥਾਨ ਵਿਚ ਲੱਸਣ ਤੇ ਖਰਚਿਆਂ ਤੇ ਸਬਸਿਡੀ ਸਹੂਲਤ ਹੈ ਪਰ ਏਥੇ ਵੀ ਚੰਗੀ ਖੇਤੀ ਵਿਭਿੰਨਤਾ ਲਈ ਕਰਨੀ ਚਾਹੀਦੀ ਹੈ । ਮੰਡੀਕਰਨ ਲਈ ਸਾਡੇ ਪੱਕੇ ਗਾਹਕ ਹਨ ਜੋ ਐਡਵਾਂਸ ਆਰਡਰ ਤੇ ਪੈਸੇ ਦੇ ਜਾਂਦੇ ਹਨ । ਸਾਡਾ ਲੱਸਣ ਮੁਕੇਰੀਆਂ, ਦਸੂਹੇ ਤੇ ਮੇਰੇ ਪਿੰਡ ਦੇ ਆਪਣੇ ਤੇ ਨੇੜਲੇ ਪਿੰਡਾਂ ਦੇ ਲੋਕ ਘਰ ਚੋਂ 100 ਰੁਪਏ ਖਰੀਦ ਲੈਂਦੇ ਹਨ । ਅਸੀਂ ਮੰਡੀ ਦਾ ਰੁਖ ਨਹੀਂ ਕਰਦੇ ਇਕ ਵਾਰ ਕੀਤਾ ਤਾਂ ਉਲਟਾ ਸਾਨੂੰ ਜਲੰਧਰ ਦੇ ਆੜਤੀਏ ਮੁਕੇਰੀਆਂ, ਦਸੂਹੇ ਸਾਨੂੰ 45 ਰੁਪਏ ਦਿੱਤੇ ਜਿਸ ਦਾ ਸਾਨੂੰ ਨੁਕਸਾਨ ਹੋਇਆ ।

5) **ਕੁਲਵੰਤ ਸਿੰਘ** (98152-48091) **ਪਿੰਡ ਸਰਵਰਪੁਰ ਸੱਲੋਂ** ਨੇ ਕਿਹਾ ਕਿ ਮੈਂ ਪਿਛਲੇ 8 ਸਾਲਾਂ ਤੋਂ ਦੇਸੀ ਲਾਲ ਲੱਸਣ ਦੀ ਕਾਸ਼ਤ ਇਕ ਕਨਾਲ ਤੋਂ ਸ਼ੁਰੂਆਤ ਕੀਤੀ । ਪਿਛਲੇ ਸਾਲ ਚੰਗਾ ਭਾਅ ਮਿਲਿਆ ਉਦੋਂ ਰਕਬਾ 1.5 ਏਕੜ ਸੀ । ਕਣਕ ਦੀ ਬਿਜਾਈ ਨਾਲੋਂ ਵੀ ਘੱਟ ਪਾਣੀ ਤੇ ਵੱਧ ਪੈਸੇ ਦੇ ਜਾਂਦਾ । ਅਸੀਂ 18 ਅਕਤੂਬਰ ਨੂੰ ਬਿਜਾਈ ਕੀਤੀ । ਇਸ ਦੀ ਬਿਜਾਈ ਸਮੇਂ ਤੋਂ ਗੁਡਾਈ, ਪਰਾਲੀ ਖਿਲਾਰਨ ਪੁਟਾਈ ਤੋਂ ਟਰਾਲੀ 'ਚ ਲੱਧਣ ਤੱਕ 10 ਬੰਦਿਆਂ ਦੀ ਲੇਬਰ ਖਰਚ ਕੁੱਲ ਫਸਲ ਤੇ 35,000/- ਰੁਪਏ ਆਇਆ । ਅਸੀਂ ਕੋਈ ਗਰੇਡਿੰਗ ਬੀਜ ਦੀ ਨਹੀਂ ਕਰਦੇ ਵੱਡੀ ਛੋਟੀ ਸਭ ਤੁਰੀਆਂ ਲਗਾ ਦਿੰਦੇ ਹਾਂ । ਕੇਵਲ ਡੀ ਏ ਪੀ ਇਕ ਥੈਲੀ ਪਾਉਂਦੇ । ਕਣਕ ਦਾ ਸਮਾਂ ਏਸ ਬਿਜਾਈ ਨਾਲ ਹੋਣ ਕਰਕੇ ਲੇਬਰ ਦੀ ਘਾਟ ਜ਼ਿਆਦਾ ਹੁੰਦੀ ਹੈ ਜਿਸ ਨਾਲ ਬਿਜਾਈ ਸਮਾਂ ਲੇਟ ਹੋ ਜਾਂਦਾ ਹੈ । ਮੇਰਾ ਝਾੜ ਪ੍ਰਤੀ ਏਕੜ 32-35 ਕੁਇੰਟਲ ਤੋਂ ਵਧਿਆ ਨਹੀਂ । ਏਕੜ ਲਈ ਪੰਜ ਕੁਇੰਟਲ ਗੰਡੀਆਂ ਰੱਖਦਾਂ । ਅਸੀਂ 2.5 ਤੋਂ 3 ਲੱਖ ਰੁਪਏ ਬੀਜ ਰੱਖ ਕੇ ਕੱਢ ਲੈਂਦੇ ਹਾਂ । ਇਸ ਦੀ ਰੋਟੀਨ 'ਚ ਨਿਗਰਾਨੀ ਬਹੁਤ ਹੈ । ਸਾਂਭ ਸੰਭਾਲ ਦੀ ਖਾਸ ਤੌਰ ਤੇ ਅਪ੍ਰੈਲ ਵੇਲੇ ਪੱਕਣ ਵਲੇ ਚੋਰੀ ਦਾ ਡਰ ਹੁੰਦਾ । ਪਿਛਲੇ 3-4 ਸਾਲ ਪਹਿਲਾਂ ਕੋਈ ਬੰਦਾ ਟਰਾਲੀ ਲੋਡ ਕਰਕੇ ਮੇਰੇ ਖੇਤ ਚੋਂ ਰਾਤ ਨੂੰ ਚੋਰੀ ਲੈ ਗਿਆ ਲੱਸਣ । ਅਸੀਂ ਇਕ ਏਕੜ ਲੱਸਣ ਤੇ 3.5 ਕਿਲੇ ਦੀ ਪਰਾਲੀ ਮਲਚਿੰਗ ਪਾਉਂਦੇ ਹਾਂ । ਹਲਕੀ ਪਰਾਲੀ ਘਾਹ ਘੇਤ 'ਚ ਪਾ ਦਿੰਦੀ ਹੈ । ਪਹਿਲਾ ਪਾਣੀ ਚੌਥੇ ਦਿਨ ਦੂਜਾ ਡੇਢ ਮਹੀਨੇ ਬਾਅਦ ਲਗਾਉਂਦੇ ਹਾਂ । ਮੰਡੀਕਰਨ ਬਾਰੇ ਉਹਨਾਂ ਕਿਹਾ ਕਿ 2019 ਚ ਜਲੰਧਰ ਮੰਡੀ ਲੈ ਕੇ ਮੇਰਾ ਬਹੁਤ ਨੁਕਸਾਨ ਹੋਇਆ ਰੇਟ 25 ਰੁਪਏ ਲੱਗਾ । ਅੱਜ ਕਾਹਨੂੰਵਾਨ ਦੇ ਵਪਾਰੀ 130 ਰੁਪਏ ਕਿਲੋ ਖਰੀਦ ਲੈਂਦੇ । ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਲੱਸਣ ਦੀ ਬਿਜਾਈ ਮਸ਼ੀਨਾਂ ਤੇ ਸਬਸਿਡੀ ਦੀ ਲੋੜ ਹੈ । ਲੇਬਰ ਬਹੁਤ ਮਹਿੰਗੀ ਐ । ਹਾਲਾਂਕਿ ਬੀਜ ਸਾਡੇ ਘਰ ਦਾ ਹੈ ਨਹੀਂ ਤਾਂ ਕਾਸ਼ਤ ਹੋਰ ਵੀ ਮਹਿੰਗੀ ਹੋਵੇ । ਪੰਜਾਬ ਸਰਕਾਰ ਨੂੰ ਮੰਡੀ ਵਿਕਸਿਤ ਕਰਨ ਦੀ ਲੋੜ ਹੈ ।

6) **ਸੁਖਵਿੰਦਰ ਸਿੰਘ** (94639-72253) **ਪਿੰਡ ਕਾਹਨੂੰਵਾਨ ਬੇਟ** ਨੇ ਕਿਹਾ ਕਿ ਮੈਂ ਪਿਛਲੇ ਸਾਲਾਂ ਤੋਂ 7 ਕਨਾਲਾਂ ਵਿਚ ਕਾਸ਼ਤ ਕਰਦਾ ਹਾਂ । ਲੇਬਰ ਵਿਚ ਕੁੱਲ ਦੱਸ ਔਰਤਾ ਹਨ । ਅਸੀਂ ਤਿੰਨ ਘਰ ਦੇ ਮੈਂਬਰ ਵੀ ਕੰਮ ਸਾਰਾ ਲੇਬਰ ਦੇ ਨਾਲ ਵੀ ਖੇਤ 'ਚ ਕਰਦੇ ਹਾਂ । ਸਾਡਾ 35 ਕੁ ਹਜ਼ਾਰ ਰੁਪਏ ਲੇਬਰ ਲਵਾਈ ਤੋਂ ਪੁਟਾਈ ਤੱਕ ਸਾਰੇ ਕੰਮ ਤੇ ਖਰਚ ਹੁੰਦੇ ਹਨ । ਅਸੀਂ ਮਲਚਿੰਗ ਕਰਨ ਨਾਲ ਨਦੀਨਾਂ ਦੀ ਸਪਰੇਆਂ ਕੋਈ ਨਹੀਂ ਕਰਦੇ, ਨਾ ਕੋਈ ਬਿਮਾਰੀ ਜਾਂ ਕੀੜਾ ਪੈਂਦਾ । ਅਸੀਂ ਪਰਾਲੀ ਜ਼ਿਆਦਾ ਪਾਉਂਦੇ ਕਿਉਂਕਿ ਘੱਟ ਪਾਉਣ ਨਾਲ ਨਦੀਨ ਜ਼ਿਆਦਾ ਨਿਕਲਦਾ । ਅਸੀਂ ਦੋ ਸਾਲ ਬਾਅਦ 5 ਟਰਾਲੀਆਂ ਦੇਸੀ ਰੂੜੀ ਤੇ ਹਰ ਸੀਜ਼ਨ ਡੀ ਏ ਪੀ ਬੋਰਾ ਜ਼ਰੂਰ ਪਾਉਂਦੇ । ਬਿਜਾਈ ਅਕਤੂਬਰ 20 ਲਾਗੇ ਲਗਾਉਂਦੇ ਪਰ ਲੇਬਰ ਦੀ ਸਮੱਸਿਆ ਬਹੁਤ ਆਉਂਦੀ ਹੈ ਜਲਦੀ ਲੇਬਰ ਮਿਲਦੀ ਨਹੀਂ । ਏਸ ਦੀ ਸਾਂਭ ਸੰਭਾਲ ਬਹੁਤ ਹੈ ਗੰਡੀ ਨਾ ਧੁੱਪ ਚ, ਨਾ ਮੀਂਹ ਚ ਰੱਖ ਸਕਦੇ, ਖਰਾਬ ਹੋਣ ਦਾ ਡਰ ਰਹਿੰਦਾ । ਸ਼ੈੱਡ ਵੀ ਵੱਡਾ ਹੋਣਾ ਚਾਹੀਦਾ ਰੱਖਣ ਲਈ । ਅੱਧੇ ਕਿਲੇ ਲਈ ਬੀਜ 1.60 ਕਿਲੋ ਮੋਟਾ ਪਤਲਾ ਮਿਕਸ ਸਭ । ਮੰਡੀਕਰਨ ਲਈ ਉਹਨਾਂ ਕਿਹਾ ਕਿ ਮੇਰੇ ਗਾਹਕ ਦੂਰ ਦੂਰ ਤੋਂ ਘਰੋਂ ਜੁੜੇ ਹਨ ਜੋ ਕੁਇੰਟਲਾਂ ਦੇ ਹਿਸਾਬ ਨਾਲ ਮੈਥੋਂ ਘਰੋਂ 120 ਰੁਪਏ ਲੈ ਜਾਂਦੇ ਨੇ ਤੇ ਕੁੱਝ ਵਪਾਰੀ ਘਰੋਂ 115/- ਲੈ ਜਾਂਦੇ ਹਨ । ਸਰਕਾਰ ਨੂੰ ਏਸਦਾ ਰੇਟ ਫਿਕਸ ਘੱਟੋ ਘੱਟ 200/- ਰੁਪਏ ਕਰਨਾ ਚਾਹੀਦਾ ਹੈ । ਕਿਉਂਕਿ ਖੱਪਾਈ ਤੇ ਖਰਚ ਬਹੁਤ ਜ਼ਿਆਦਾ ਹੈ । ਦੋਸਤੋ ਏਸ ਲੇਖ 'ਚ ਕੁੱਝ ਵੀ ਆਪਣੇ ਵੱਲੋਂ ਐਡ ਨਹੀਂ ਕੀਤਾ ਗਿਆ ।

# ਉਨਤ ਖੇਤੀ ਵੱਲ ਕਦਮ ਵਧਾਈਏ, ਮਿੱਟੀ ਪਾਣੀ ਪਰਖ ਕਰਵਾਈਏ

## ਪੀ.ਏ.ਯੂ. ਲੁਧਿਆਣੇ ਦੇ ਕਿਸਾਨ ਮੇਲਿਆਂ ਤੇ ਮਿੱਟੀ ਅਤੇ ਪਾਣੀ ਦੇ ਨਮੂਨੇ ਲੈ ਕੇ ਜਾਈਏ

★ ਕਿਸਾਨ ਵੀਰੋ, ਮਿੱਟੀ ਅਤੇ ਪਾਣੀ ਦੀ ਪਰਖ ਲਈ ਅਗਲੇ ਮਹੀਨੇ ਲੱਗਣ ਵਾਲੇ ਕਿਸਾਨ ਮੇਲਿਆਂ ਵਿਚ ਆਪਣੇ-ਆਪਣੇ ਖੇਤ ਦੀ ਮਿੱਟੀ ਅਤੇ ਬੋਰਾਂ ਦੇ ਪਾਣੀ ਦੇ ਨਮੂਨੇ ਜ਼ਰੂਰ ਲੈ ਕੇ ਆਓ ।

★ ਇਹਨਾਂ ਮੇਲਿਆਂ ਵਿਚ ਮਿੱਟੀ ਅਤੇ ਪਾਣੀ ਪਰਖ ਵਿਭਾਗ ਵੱਲੋਂ ਲਗਾਈਆਂ ਸਟਾਲਾਂ ਵਿਚ ਨਮੂਨੇ ਜਮ੍ਹਾ ਕਰਵਾਏ ਜਾਣਗੇ । ਲੁਧਿਆਣੇ ਦੇ ਮੇਲੇ ਤੇ ਮਿੱਟੀ ਅਤੇ ਪਾਣੀ ਦੇ ਨਮੂਨੇ, ਰਜਿਸਟ੍ਰੇਸ਼ਨ ਵਾਲੀ ਸਟਾਲ ਦੇ ਬਿਲਕੁਲ ਨਾਲ ਲੱਗਦੀ ਭੂਮੀ ਵਿਗਿਆਨ ਵਿਭਾਗ ਦੀ ਸਟਾਲ ਤੇ ਜਮ੍ਹਾਂ ਕਰਵਾਏ ਜਾ ਸਕਦੇ ਹਨ ।

★ ਕਿਸਾਨ ਵੀਰ ਮਿੱਟੀ ਦਾ ਨਮੂਨਾ ਟੋਆ ਪੁੱਟ ਕੇ ਸਾਈਡਾਂ ਵਾਲੀ ਉੱਪਰਲੀ 6 ਇੰਚ ਦੀ ਤਿਰਛੀ ਤਹਿ ਤੋਂ ਮਿੱਟੀ ਭਰ ਸਕਦੇ ਹਨ ।

★ ਹਰੇਕ ਨਮੂਨੇ ਵਿਚ ਕਿਸਾਨ ਦਾ ਨਾਂ, ਪਤਾ ਅਤੇ ਖੇਤ ਦੀ ਪਛਾਣ ਵਾਲੀ ਪਰਚੀ ਜ਼ਰੂਰ ਹੋਣੀ ਚਾਹੀਦੀ ਹੈ ।

★ ਪਾਣੀ ਦੇ ਨਮੂਨੇ ਲਈ ਅੱਧੇ ਘੰਟੇ ਤੋਂ ਚੱਲਦੇ ਬੋਰ ਚੋਂ ਅੱਧੇ ਤੋਂ ਇਕ ਲੀਟਰ ਪਾਣੀ ਨੂੰ ਸਾਫ ਕੱਚ ਦੀ ਬੋਤਲ ਵਿਚ ਭਰ ਕੇ ਲਿਆਓ ।

★ ਧਿਆਨ ਰਹੇ ਬੋਤਲ ਨੂੰ ਸਾਬਣ ਜਾਂ ਸਰਫ ਨਾਲ ਬਿਲਕੁਲ ਨਾ ਧੋਵੋ ।

★ ਪਾਣੀ ਦੇ ਨਮੂਨੇ ਦਾ ਟੈਸਟ ਕਰਵਾਉਣ ਦੀ ਫੀਸ 50/- ਰੁਪਏ ਪ੍ਰਤੀ ਨਮੂਨਾ ਅਤੇ ਮਿੱਟੀ ਦੇ ਵੱਡੇ ਤੱਤਾਂ ਦੇ ਟੈਸਟ ਕਰਵਾਉਣ ਦੀ ਫੀਸ ਵੀ 50/- ਰੁਪਏ ਪ੍ਰਤੀ ਨਮੂਨਾ ਹੈ ।

★ ਜੇਕਰ ਸਲਫਰ (ਗੰਧਕ) ਅਤੇ ਬੋਰੋਨ ਦੀ ਜਾਂਚ ਦੀ ਕਰਵਾਉਣੀ ਹੈ ਤਾਂ ਕ੍ਰਮਵਾਰ 50 ਅਤੇ 100/- ਰੁਪਏ ਪ੍ਰਤੀ ਨਮੂਨਾ ਫੀਸ ਅਲੱਗ ਤੋਂ ਲੱਗੇਗੀ ।

★ ਮਿੱਟੀ ਦੇ ਨਮੂਨਿਆਂ ਦੀ ਰਿਪੋਰਟ 15 ਤੋਂ 20 ਦਿਨਾਂ ਤੱਕ ਆ ਜਾਂਦੀ ਹੈ ਅਤੇ ਪਾਣੀ ਦੀ ਰਿਪੋਰਟ ਕਿਸਾਨ ਵੀਰ ਉਸੇ ਦਿਨ ਬਾਅਦ ਦੁਪਹਿਰ ਮੇਲੇ ਦੇ ਦੌਰਾਨ ਹੀ ਪ੍ਰਾਪਤ ਕਰ ਸਕਦੇ ਹਨ ।

★ ਮਿੱਟੀ ਅਤੇ ਪਾਣੀ ਪਰਖ ਦੀ ਰਿਪੋਰਟ ਘਰ ਬੈਠੇ ਹੀ ਦੇਖੋ ।



★ ਕ੍ਰਿਪਾ ਕਰਕੇ ਆਪਣੇ ਸਮਾਰਟ ਫੋਨ ਤੋਂ ਪੀ. ਏ. ਯੂ. ਲੁਧਿਆਣਾ ਦੀ ਵੈਬਸਾਈਟ ਭਰੋ । ਇਸ ਉਪਰੰਤ "Soil and water testing report" ਬਟਨ ਦੇ ਉੱਪਰ ਕਲਿੱਕ ਕਰੋ । ਤੁਹਾਡਾ ਰਸੀਦ ਨੰਬਰ, ਨਾਮ ਅਤੇ ਪਤਾ, ਟੈਸਟ ਦੇ ਨਤੀਜੇ ਅਤੇ ਸੰਬੰਧਿਤ ਸਿਫਾਰਸ਼ਾਂ ਸਕਰੀਨ ਉੱਪਰ ਦਿਖਾਈ ਦੇਣ ਲੱਗ ਜਾਣਗੇ । ਤੁਸੀਂ ਪ੍ਰਿੰਟ ਕਰੋ ਦੇ ਬਟਨ ਉੱਪਰ ਕਲਿੱਕ ਕਰ ਕੇ ਇਸ ਪਰਖ ਰਿਪੋਰਟ ਦਾ ਪ੍ਰਿੰਟ ਲੈ ਸਕਦੇ ਹੋ । ਜੇਕਰ ਕੋਈ ਸਮੱਸਿਆ ਆ ਰਹੀ ਹੋਵੇ ਤਾਂ ਸੰਪਰਕ ਪੰਨੇ ਉੱਪਰ ਜਾ ਕੇ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ । ਜੇਕਰ ਕੋਈ ਨਤੀਜਾ ਨਹੀਂ ਆ ਰਿਹਾ ਤਾਂ ਰਸੀਦ ਨੰਬਰ ਦੀ ਜਾਂਚ ਕਰੋ ਜਾਂ ਫਿਰ ਤੁਹਾਡੇ ਵੇਰਵੇ ਅੱਪਡੇਟ ਨਹੀਂ ਹੋਏ, ਕ੍ਰਿਪਾ ਕਰਕੇ 24 ਘੰਟੇ ਬਾਅਦ ਦੁਬਾਰਾ ਕੋਸ਼ਿਸ਼ ਕਰੋ ।

**ਅਸ਼ੋਕ ਕੁਮਾਰ ਗਰਗ, ਜਗਦੀਪ ਸਿੰਘ ਅਤੇ ਗੋਬਿੰਦਰ ਸਿੰਘ, ਪੀ.ਏ.ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ, ਮੋ. 950 18-55223**


# ਪੰਜਾਬ ਨੂੰ ਛੱਡ ਹੋਰਨਾਂ ਸੂਬਿਆਂ ਦੀ ਕਣਕ ਨੂੰ ਤਰਜੀਹ ਦੇਣ ਲੱਗੇ ਪੰਜਾਬੀ

- **ਕੁਝ ਕਿਸਾਨ ਆਪਣੇ ਘਰਾਂ ਵਿੱਚ ਖਾਣ ਲਈ ਜ਼ਹਿਰ ਮੁਕਤ ਕਣਕ ਦੀ ਵੀ ਕਰਨ ਲੱਗੇ ਬਿਜਾਈ**
- **ਆਟਾ ਪੀਸਣ ਲਈ ਘਰਾਂ ਵਿੱਚ ਲਗਾਈਆਂ ਮਸ਼ੀਨਾਂ**

ਭਾਵੇਂ ਕਿ ਪੰਜਾਬ ਪੂਰੇ ਦੇਸ਼ ਦਾ ਢਿੱਡ ਭਰਨ ਲਈ ਜਾਣਿਆ ਜਾਂਦਾ ਹੈ, ਪਰ ਅਜੋਕੇ ਸਮੇਂ ਦੌਰਾਨ ਪੈਸਾ ਕਮਾਉਣ ਦੀ ਹੋੜ ਨੇ ਪੰਜਾਬ ਵਿੱਚ ਪੈਦਾ ਹੋਣ ਵਾਲੀ ਕਣਕ ਨੂੰ ਏਨਾ ਜ਼ਹਿਰੀਲਾ ਕਰ ਦਿੱਤਾ ਹੈ ਕਿ ਪੰਜਾਬੀ ਹੁਣ ਪੰਜਾਬ ਨੂੰ ਛੱਡ ਹੋਰਨਾਂ ਸੂਬਿਆਂ ਤੋਂ ਜਿੱਥੇ ਕਣਕ ਮੰਗਵਾਉਣ ਨੂੰ ਤਰਜ਼ੀਹ ਦੇਣ ਲੱਗੇ ਹਨ, ਉੱਥੇ ਹੀ ਕਈ ਕਿਸਾਨ ਤਾਂ ਹੁਣ ਆਪਣੇ ਘਰ ਵਾਸਤੇ ਖਾਣ ਲਈ ਵੱਖਰੇ ਤੌਰ 'ਤੇ ਕਣਕ ਦੀ ਬਿਜਾਈ ਕਰ ਰਹੇ ਹਨ ਤਾਂ ਜੋ ਜ਼ਹਿਰ ਮੁਕਤ ਕਣਕ ਦੀ ਪੈਦਾਵਾਰ ਕਰਕੇ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ । ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਤੋਂ ਕਿਸੇ ਵੀ ਫ਼ਸਲ ਦੀ ਗੁਣਵੱਤਾ ਦੀ ਬਜਾਏ ਫ਼ਸਲ ਦਾ ਝਾੜ ਵਧਾਉਣ ਦਾ ਰੁਝਾਨ ਵਧਿਆ ਹੈ, ਜਿਸ ਵਿੱਚ ਸਭ ਤੋਂ ਜ਼ਿਆਦਾ ਯੋਗਦਾਨ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਪਾਇਆ ਜਾ ਰਿਹਾ ਹੈ । ਝਾੜ ਦੇ ਲਾਲਚ ਵਿੱਚ ਕਿਸਾਨਾਂ ਨੂੰ ਡੀ. ਏ. ਪੀ. ਅਤੇ ਯੂਰੀਆ ਖਾਦ ਦੇ ਨਾਲ-ਨਾਲ ਹੋਰ ਕਈ ਪ੍ਰਕਾਰ ਦੀਆਂ ਬੇਲੋੜੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ । ਪੰਜਾਬ ਵਿੱਚ ਮਿਲਾਵਟ ਅਤੇ ਜ਼ਹਿਰ ਯੁਕਤ ਖੁਰਾਕ ਕਾਰਨ ਨਾਮੁਰਾਦ ਬਿਮਾਰੀਆਂ ਦਾ ਘੇਰਾ ਲਗਾਤਾਰ ਵਧਦਾ ਜਾ ਰਿਹਾ ਹੈ । ਪਿਛਲੇ ਸਮੇਂ ਦੌਰਾਨ ਸਰਕਾਰ ਨੇ ਕਿਸਾਨਾਂ ਨੂੰ ਆਮ ਨਾਲੋਂ ਵੱਧ ਭਾਅ ਦੇਣ ਦਾ ਭਰੋਸਾ ਦਿੰਦੇ ਹੋਏ ਜ਼ਹਿਰ ਮੁਕਤ ਫ਼ਸਲਾਂ ਦੀ ਪੈਦਾਵਾਰ ਲਈ ਪਾਇਲਟ ਪ੍ਰੋਜੈਕਟ ਵੀ ਸ਼ੁਰੂ ਕਰਵਾਏ, ਪਰ ਹਰ ਵਾਰ ਦੀ ਤਰ੍ਹਾਂ ਸਰਕਾਰ ਦੀ ਵਾਅਦਾ ਖਿਲਾਫੀਆਂ ਨੇ ਕਿਸਾਨਾਂ ਨੂੰ ਨਿਰਾਸ਼ ਕੀਤਾ ਅਤੇ ਉਹ ਮੁੜ ਉਸੇ ਲਕੀਰ ਦੇ ਫਕੀਰ ਬਣ ਗਏ । ਇਸ ਦੌਰਾਨ ਭਾਵੇਂ ਕਿ ਖੇਤੀਬਾੜੀ ਵਿਭਾਗ ਵੱਲੋਂ ਸਮੇਂ-ਸਮੇਂ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਦੀ ਲੋੜੀਂਦੀ ਮਾਤਰਾ ਹੀ ਪਾਉਣ ਦਾ ਹੋਕਾ ਦਿੱਤਾ ਜਾਂਦਾ ਹੈ, ਪਰ ਜ਼ਿਆਦਾਤਰ ਕਿਸਾਨ ਖੇਤੀਬਾੜੀ ਮਹਿਕਮੇ ਨਾਲ ਘੱਟ ਅਤੇ ਡੀਲਰਾਂ (ਦਵਾਈ ਵਿਕ੍ਰੇਤਾ) ਨਾਲ ਜ਼ਿਆਦਾ ਸੰਪਰਕ ਵਿੱਚ ਰਹਿੰਦੇ ਹਨ, ਜਿਸ ਦਾ ਸਿੱਧਾ ਅਸਰ ਇਨਸਾਨੀ ਜ਼ਿੰਦਗੀਆਂ 'ਤੇ ਦੇਖਣ ਨੂੰ ਮਿਲ ਰਿਹਾ ਹੈ । ਸੂਬੇ ਦੇ ਕੁਝ ਜਾਗਰੂਕ ਕਿਸਾਨਾਂ ਵੱਲੋਂ ਆਪਣੀ ਤੇ ਆਪਣੇ ਪਰਿਵਾਰ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਆਪਣੇ ਘਰਾਂ ਵਿੱਚ ਖਾਣ ਵਾਸਤੇ ਕਣਕ ਅਤੇ ਝੋਨਾ ਵੱਖਰਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨਾਮਾਤਰ ਕੀਤੀ ਜਾ ਰਹੀ ਹੈ, ਉੱਥੇ ਹੀ ਜਿਨ੍ਹਾਂ ਲੋਕਾਂ ਕੋਲ ਆਪਣੀ ਜ਼ਮੀਨ ਨਹੀਂ ਹੈ, ਉਹ ਆਪਣੇ ਖਾਣ ਲਈ ਕਣਕ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਮਹਾਰਾਸ਼ਟਰ ਆਦਿ ਸੂਬਿਆਂ ਤੋਂ ਮੰਗਵਾ ਰਹੇ ਹਨ, ਜਿਸ ਲਈ ਹੁਣ ਤੋਂ ਹੀ ਐਡਵਾਂਸ ਬੁਕਿੰਗ ਕਰਵਾਈ ਜਾ ਰਹੀ ਹੈ । ਇਸ ਬਾਰੇ ਤਰਕ ਦਿੱਤਾ ਜਾ ਰਿਹਾ ਹੈ ਕਿ ਪੰਜਾਬ ਦੀ ਬਜਾਏ ਇਨ੍ਹਾਂ ਸੂਬਿਆਂ ਵਿੱਚ ਪੈਦਾ ਹੋਣ ਵਾਲੀ ਕਣਕ ਦੀ ਗੁਣਵੱਤਾ ਬਿਹਤਰ ਹੈ । ਇੱਥੋਂ ਤੱਕ ਕਿ ਆਪਣੇ ਲਈ ਵੱਖਰੀ ਲਗਾਈ ਜਾ ਰਹੀ ਅਤੇ ਬਾਹਰੋਂ ਮੰਗਵਾਈ ਜਾ ਰਹੀ ਕਣਕ ਨੂੰ ਪੀਸਣ ਵਾਸਤੇ ਘਰਾਂ ਵਿੱਚ ਬਿਜਲਈ ਮਸ਼ੀਨਾਂ ਲਗਾ ਕੇ ਲੋੜ ਅਨੁਸਾਰ ਆਟਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਬਾਜ਼ਾਰੀ ਚੱਕੀਆਂ ਤੋਂ ਕਣਕ ਪੀਸਣ ਦੌਰਾਨ ਉਨ੍ਹਾਂ ਦੇ ਆਟੇ ਵਿੱਚ ਰਲਾ ਨਾ ਹੋ ਜਾਵੇ । ਇਸ ਤੋਂ ਇਲਾਵਾ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਸ਼ੂਗਰ ਫਰੀ ਦੇ ਤਰਕ ਹੇਠ ਕਈ ਕਿਸਾਨਾਂ ਵੱਲੋਂ ਕਾਲੀ ਕਣਕ ਅਤੇ ਕਾਲੇ ਝੋਨੇ ਦੀ ਪੈਦਾਵਾਰ ਵੀ ਕੀਤੀ ਜਾ ਰਹੀ ਹੈ ।

# ਕੇਲੇ ਦਾ 'ਰੁੱਖ' ਨਹੀਂ ਹੁੰਦਾ?

ਓਏ ਜਨਾਬ, ਅਜਿਹਾ ਕਿਵੇਂ ਕਹਿ ਸਕਦੇ ਹੋ ਕਿ ਕੇਲੇ ਦਾ ਰੁੱਖ ਨਹੀਂ ਹੁੰਦਾ । ਖੇਤਾਂ 'ਚ ਖੂਬ ਲੱਗਦੇ ਹਾਂ, ਫਿਰ ਵੀ ਕਹੋ ਕਿ ਕੇਲੇ ਦਾ ਰੁੱਖ ਨਹੀਂ ਹੁੰਦਾ ਤਾਂ ਕਿਵੇਂ ਮੰਨ ਲਈਏ । ਮੰਨਣਾ ਪਏਗਾ, ਕਿਉਂਕਿ ਵਾਕਿਆ ਹੀ ਕੇਲੇ ਦਾ



ਰੁੱਖ ਨਹੀਂ ਹੁੰਦਾ ।

ਹੁਣ ਅਸੀਂ ਦੱਸਦੇ ਹਾਂ ਕਿਉਂ ਨਹੀਂ ਹੁੰਦਾ ਅਤੇ ਜੋ ਹੁੰਦਾ ਹੈ, ਉਹ ਕੀ ਹੁੰਦਾ ਹੈ ? ਵਨਸਪਤੀ ਵਿਗਿਆਨ ਦੀ ਨਜ਼ਰ 'ਚ ਇਹ ਮਹਿੰਦੀ, ਪੁਦੀਨਾ, ਤੁਲਸੀ ਜਾਂ ਹੋਰ ਜੜ੍ਹੀ-ਬੂਟੀਆਂ ਦੀ ਤਰ੍ਹਾਂ ਇਕ ਪੌਦਾ ਹੀ ਹੈ । ਦਰਅਸਲ, ਪੌਦਿਆਂ ਨੂੰ ਰੁੱਖ, ਝਾੜੀ ਅਤੇ ਜੜ੍ਹੀ-ਬੂਟੀਆਂ 'ਚ ਵੰਡਿਆ ਗਿਆ ਹੈ । ਇਨ੍ਹਾਂ 'ਚ ਰੁੱਖ ਉਹ ਹੁੰਦੇ ਹਨ, ਜਿਨ੍ਹਾਂ ਦੇ ਤਣਿਆਂ 'ਚ ਲਿਗਨਿਨ ਹੁੰਦਾ ਹੈ । ਆਸਾਨ ਭਾਸ਼ਾ 'ਚ ਰੁੱਖ ਉਨ੍ਹਾਂ ਨੂੰ ਕਿਹਾ ਜਾ ਸਕਦਾ ਹੈ, ਜਿਨ੍ਹਾਂ ਦੇ ਤਣੇ ਤੋਂ ਅਸੀਂ ਲੱਕੜੀ ਪ੍ਰਾਪਤ ਕਰ ਸਕਦੇ ਹਾਂ । ਝਾੜੀਆਂ ਉਹ ਪੌਦੇ ਹੁੰਦੇ ਹਨ, ਜਿਨ੍ਹਾਂ 'ਚ ਜੜ੍ਹ ਦੇ ਕੋਲੋਂ ਹੀ ਕਈ ਤਣੇ ਨਿਕਲਦੇ ਹਨ । ਇਨ੍ਹਾਂ ਦੇ ਤਣੇ ਪਤਲੇ ਹੁੰਦੇ ਹਨ । ਜੜ੍ਹੀਆਂ-ਬੂਟੀਆਂ ਵਾਲੇ ਪੌਦੇ ਬਹੁਤ ਨਾਜ਼ੁਕ ਮੁਲਾਇਮ ਅਤੇ ਪਿਆਰੇ ਹੁੰਦੇ ਹਨ, ਇਨ੍ਹਾਂ 'ਚ ਲੱਕੜੀ ਨਹੀਂ ਹੁੰਦੀ ।

ਜੇਕਰ ਤੁਸੀਂ ਕਿਸੇ ਬਗੀਚੇ 'ਚ ਟਹਿਲੋਗੇ ਤਾਂ ਦੋਵਾਂ 'ਚ ਫਰਕ ਸਾਫ ਨਜ਼ਰ ਆਏਗਾ, ਇਸ ਲਈ ਇਸ ਨੂੰ ਰੁੱਖ ਨਹੀਂ ਪੌਦਾ ਕਹਿੰਦੇ ਹਨ । ਤਾਂ ਅਗਲੀ ਵਾਰ ਜਦੋਂ ਤੁਸੀਂ ਕੇਲੇ ਨੂੰ ਰੁੱਖ ਨਹੀਂ ਕੇਲੇ ਦਾ ਪੌਦਾ (ਬੂਟਾ) ਕਹੋ ।

# ਘਰਾਂ ਵਿੱਚ ਲਾਏ ਜਾ ਰਹੇ ਹਨ ਹਵਾ ਸ਼ੁੱਧ ਕਰਨ ਵਾਲੇ ਬੂਟੇ

## ਸਪਾਈਡਰ, ਰਿਬਨ ਪਲਾਂਟ ਤੇ ਐਲੋਵੀਰਾ ਵਰਗੇ ਹਵਾ ਵਿੱਚੋਂ ਜ਼ਹਿਰੀਲੇ ਤੱਤ ਘਟਾਉਣ ਵਾਲੇ ਬੂਟਿਆਂ ਦੀ ਮੰਗ ਵਧੀ

ਸੂਬੇ ਦੀ ਆਬੋ ਹਵਾ ਦੇ ਮੱਦੇਨਜ਼ਰ ਸਿਹਤ ਪ੍ਰਤੀ ਜ਼ਿਆਦਾ ਜਾਗਰੂਕ ਲੋਕ ਆਪਣੇ ਘਰਾਂ ਵਿੱਚ ਸਿਹਤਮੰਦ ਵਾਤਾਵਰਣ ਲਈ ਹਵਾ ਸ਼ੁੱਧ ਕਰਨ ਵਾਲੇ ਬੂਟੇ ਲਾ ਰਹੇ ਹਨ । ਇਸ ਕਾਰਨ ਸ਼ਹਿਰ ਦੀਆਂ ਨਰਸਰੀਆਂ ਵਿੱਚ ਅਜਿਹੇ ਬੂਟਿਆਂ ਦੀ ਮੰਗ ਵੱਧ ਗਈ ਹੈ । ਦਰਅਸਲ ਸੂਬੇ ਵਿੱਚ ਖੇਤੀ ਰਹਿੰਦ-ਖੂੰਹਦ ਸਾੜਨ, ਇਮਾਰਤਸਾਜ਼ੀ ਕਾਰਨ ਉਡਦੀ ਧੂੜ ਅਤੇ ਸਾਲ ਭਰ ਚੱਲਣ ਵਾਲੀਆਂ ਸਨਅਤਾਂ ਅਤੇ ਵਾਹਨਾਂ ਵਿੱਚੋਂ ਨਿਕਲਦੇ ਧੂੰਏਂ ਅਤੇ ਗੈਸਾਂ ਕਾਰਨ ਹਵਾ ਜ਼ਹਿਰੀਲੀ ਹੁੰਦੀ ਜਾ ਰਹੀ ਹੈ । ਇਸ ਨੂੰ ਦੇਖਦੇ ਹੋਏ ਸਿਹਤ ਪ੍ਰਤੀ ਜਾਗਰੂਕ ਲੋਕ ਹੁਣ ਆਪਣੇ ਘਰਾਂ ਵਿੱਚ ਅੰਦਰ ਅਤੇ ਬਾਹਰ ਹਵਾ ਨੂੰ ਸ਼ੁੱਧ ਰੱਖਣ ਲਈ ਹਵਾ ਸ਼ੁੱਧ ਕਰਨ ਵਾਲੇ ਬੂਟੇ ਲਾ ਰਹੇ ਹਨ । ਨਰਸਰੀ ਮਾਲਕ ਰਮਨਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਬੂਟਿਆਂ ਨੂੰ ਜ਼ਿਆਦਾ ਦੇਖਭਾਲ ਦੀ ਲੋੜ ਨਹੀਂ ਹੈ । ਇਹ ਹਵਾ ਵਿੱਚੋਂ ਜ਼ਹਿਰੀਲੇ ਤੱਤ ਚੂਸਦੇ (ਜਜ਼ਬ) ਕਰਦੇ ਹਨ ਅਤੇ ਆਕਸੀਜਨ ਵੀ ਛੱਡਦੇ ਹਨ । ਸਟੇਟ ਐਵਾਰਡੀ ਡਾ. ਜੋਗਾ ਸਿੰਘ ਨੇ ਦੱਸਿਆ ਕਿ ਸਪਾਈਡਰ ਜਾਂ



ਨਰਸਰੀ ਵਿੱਚ ਹਵਾ ਸ਼ੁੱਧ ਕਰਨ ਵਾਲੇ ਬੂਟੇ ਖਰੀਦਦੇ ਹੋਏ ਗਾਹਕ ।

ਰਿਬਨ ਪਲਾਂਟ ਹਵਾ ਵਿੱਚ ਮੌਜੂਦ ਜ਼ਹਿਰੀਲੇ ਤੱਤਾਂ ਨੂੰ ਚੂਸ ਲੈਂਦਾ ਹੈ ਅਤੇ ਘਰ ਵਿੱਚ ਆਕਸੀਜਨ ਦੀ ਕਮੀ ਨੂੰ ਦੂਰ ਕਰਦਾ ਹੈ । ਇਸ ਨੂੰ ਬੈੱਡਰੂਮ ਜਾਂ ਲਿਵਿੰਗ ਰੂਮ ਵਿੱਚ ਲਾਇਆ ਜਾ ਸਕਦਾ ਹੈ । ਸਨੇਕ ਪਲਾਂਟ ਸਦਾਬਹਾਰ ਬੂਟਾ ਹੈ, ਜੋ ਘਰ ਵਿੱਚ ਹਾਨੀਕਾਰਕ ਗੈਸਾਂ ਨੂੰ ਫਿਲਟਰ ਕਰਨ ਵਿੱਚ ਮਦਦ ਕਰਦਾ ਹੈ । ਇਸ ਵਿੱਚ ਕਾਰਬਨ ਡਾਈਆਕਸਾਈਡ ਨੂੰ ਜਜ਼ਬ ਕਰਨ ਦੀ ਸਮਰੱਥਾ ਹੁੰਦੀ ਹੈ । ਐਲੋਵੇਰਾ ਦਾ ਬੂਟਾ ਹਵਾ ਨੂੰ ਸ਼ੁੱਧ ਕਰਨ ਦਾ ਕੰਮ ਵੀ ਕਰਦਾ ਹੈ । ਇਹ ਐਲੋਵੇਰਾ ਬੈਂਜੀਨ ਅਤੇ ਫਾਮੇਲਿਊਹਾਈਡ ਜਿਹੇ ਹਾਨੀਕਾਰਕ ਕਣਾਂ ਨੂੰ ਫਿਲਟਰ ਕਰਨ ਵਿੱਚ ਮਦਦ ਕਰਦਾ ਹੈ । ਬੈਂਬੂ ਪਾਮ ਅਤੇ ਲੇਡੀ ਪਾਮ ਦੇ ਬੂਟੇ ਹਵਾ ਵਿੱਚ ਮੌਜੂਦ ਖਤਰਨਾਕ ਕਣਾਂ ਨੂੰ ਫਿਲਟਰ ਕਰਦੇ ਹਨ । ਐਰੋਹੈਡ ਦਾ ਬੂਟਾ ਘਰ ਦੇ ਆਲੇ-ਦੁਆਲੇ ਦੀ ਹਵਾ ਨੂੰ ਸਾਫ਼ ਕਰਦਾ ਹੈ । ਡਾ. ਜੋਗਾ ਸਿੰਘ ਨੇ ਦੱਸਿਆ ਕਿ ਕੁਝ ਬੂਟੇ ਅਜਿਹੇ ਵੀ ਹਨ, ਜੋ ਘੱਟ ਰੌਸ਼ਨੀ ਵਿੱਚ ਵੀ ਆਕਸੀਜਨ ਪੈਦਾ ਕਰਦੇ ਹਨ । ਉਨ੍ਹਾਂ ਦੇ ਪੱਤੇ ਵੀ ਹਵਾ ਵਿੱਚ ਜ਼ਹਿਰੀਲੇ ਕਣਾਂ ਅਤੇ ਭਾਰੀ ਧਾਤਾਂ ਨੂੰ ਜਜ਼ਬ ਕਰਨ ਦੇ ਸਮਰੱਥ ਹੁੰਦੇ ਹਨ । ਘਰਾਂ ਵਿੱਚ ਏਅਰ ਪਿਊਰੀਫਾਇਰ ਸਿਸਟਮ ਲਾਉਣ ਦੀ ਬਜਾਏ ਅਜਿਹੇ ਬੂਟੇ ਲਾਉਣੇ ਚਾਹੀਦੇ ਹਨ । ਚੌਧਰੀ ਨਿਸਾਰ ਮੁਹੰਮਦ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਸਜਾਵਟੀ ਬੂਟਿਆਂ ਕੈਲੇਫੋਰਨੀਆ ਪੌਪੀ, ਗਜ਼ੇਨੀਆ, ਜ਼ਰਬੇਰਾ, ਸਵੀਟ ਅਲੀਸ਼ਮ, ਸਟੌਕਸ, ਕੁੱਤਾ ਫੁੱਲ, ਇੰਗਲਿਸ਼ ਡੇਜ਼ੀ, ਕੇਲ, ਗੁਲਸਰਫੀ, ਆਸਟਰ, ਕਾਰਨ ਫਲਾਵਰ, ਸਵੀਟ ਸੁਲਤਾਨ, ਸਵੀਟ ਵਿਲੀਅਮ, ਗੁਲਦਾਊਦੀ, ਡੇਹਲੀਆ, ਕਾਰਨੇਸ਼ਨ, ਡਾਈਐਂਥਸ, ਬਰਫ, ਪਟੂਨੀਆ, ਪੈਂਜੀ, ਵਰਬੀਨਾ, ਗੁਲਾਬ, ਸਦਾ ਬਹਾਰ, ਸਾਲਵੀਆ, ਗੇਂਦਾ, ਗੇਂਦੀ, ਨਮਟਰਸ਼ੀਅਮ, ਸਲੌਸੀਆ, ਜੈਸਮੀਨ, ਆਰਚਿਡ ਆਦਿ ਕਿਸਮਾਂ ਦੇ ਫੁੱਲਾਂ ਵਾਲੇ ਬੂਟਿਆਂ ਦੀ ਮੰਗ ਅਤੇ ਵਿਕਰੀ ਹੈ । ਇਹ ਬੂਟੇ ਨਵੰਬਰ ਤੋਂ ਮਾਰਚ ਤੱਕ ਖਿੜਦੇ ਹਨ ।



## ਠੰਡੇ ਗੁਦਾਮਾਂ ਵਿਚ ਸਟੋਰ ਕਰਨ ਤੋਂ ਪਹਿਲਾਂ

# ਆਲੂਆਂ ਨੂੰ ਚੰਗੀ ਤਰ੍ਹਾਂ ਛਾਂਟ ਲਵੋ

ਆਲੂ ਦੀ ਵਰਤੋਂ ਇਕ ਤਾਂ ਖਾਣ ਵਾਸਤੇ ਕੀਤੀ ਜਾਂਦੀ ਹੈ ਅਤੇ ਦੂਜਾ ਅਗਲੇ ਸਾਲ ਬੀਜ ਲਈ ਵੀ ਇਸ ਦੀ ਵਰਤੋਂ ਹੁੰਦੀ ਹੈ। ਆਮ ਤੌਰ ਤੇ ਅਗੇਤੀ ਬੀਜੀ ਗਈ ਫਸਲ ਦੀ ਕਿਸਾਨ ਭਰਾ ਕੱਚੀ ਪੁਟਾਈ ਕਰ ਲੈਂਦੇ ਹਨ। ਇਹ ਆਲੂ ਰਾਸ਼ਨ ਦੇ ਤੌਰ ਦੇ ਵਰਤੇ ਜਾਂਦੇ ਹਨ ਅਤੇ ਮੰਡੀ ਵਿਚ ਇਸ ਦਾ ਭਾਅ ਵੀ ਚੰਗਾ ਮਿਲ ਜਾਂਦਾ ਹੈ। ਪਰ ਪਿਛੇਤੇ ਜਾਂ ਬਹਾਰ ਰੁੱਤ ਵਿਚ ਬੀਜੀ ਗਈ ਫਸਲ ਨੂੰ ਜ਼ਿਆਦਾਤਰ ਬੀਜ ਲਈ ਹੀ ਵਰਤਿਆ ਜਾਂਦਾ ਹੈ ਅਤੇ ਅਗਲੇ ਸਾਲ ਲਈ ਠੰਡੇ ਗੁਦਾਮਾਂ ਵਿਚ ਸਟੋਰ ਕਰ ਲਿਆ ਜਾਂਦਾ ਹੈ। ਸਟੋਰ ਕਰਨ ਵੇਲੇ ਕਿਸਾਨ ਭਰਾ ਅਕਸਰ ਹੀ ਅਣਗਹਿਲੀ ਕਰ ਜਾਂਦੇ ਹਨ। ਉਨ੍ਹਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਆਲੂਆਂ ਨੂੰ ਲੱਗਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਪਿਛੇਤਾ ਝੁਲਸ ਰੋਗ, ਖਰੀਂਢ ਰੋਗ, ਧੱਫੜੀ ਰੋਗ ਅਤੇ ਵਿਸ਼ਾਣੂੰ ਰੋਗ ਆਦਿ ਬੀਜ ਰਾਹੀਂ ਹੀ ਫੈਲਦੇ ਹਨ। ਕਿਸਾਨ ਭਰਾ ਛਾਂਟੀ ਕਰਨ ਤੋਂ ਬਿਨਾਂ ਹੀ ਆਲੂ ਸਟੋਰ ਕਰ ਲੈਂਦੇ ਹਨ। ਸਟੋਰ ਕੀਤੇ ਹੋਏ ਬੀਜ ਵਾਲੇ ਆਲੂਆਂ ਵਿਚ ਬਿਮਾਰ ਅਤੇ ਦਾਗੀ ਆਲੂ ਅਗਲੇ ਸਾਲ ਬਿਮਾਰੀ ਦੀ ਲਾਗ ਲਗਾਉਣ ਦਾ ਮੁੱਖ ਸੋਮਾ ਬਣ ਜਾਂਦੇ ਹਨ। ਇਸ ਲਈ ਅਗਲੇ ਸਾਲ ਦੌਰਾਨ ਆਲੂਆਂ ਦੀ ਫਸਲ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਹੁਣੇ ਹੀ ਸਟੋਰ ਕਰਨ ਤੋਂ ਪਹਿਲਾਂ ਰੋਗੀ ਆਲੂਆਂ ਨੂੰ ਛਾਂਟ ਕੇ ਸਿਰਫ ਰੋਗ ਰਹਿਤ ਆਲੂ ਹੀ ਗੁਦਾਮਾਂ ਵਿਚ ਰੱਖਣੇ ਚਾਹੀਦੇ ਹਨ।

### ਪਿਛੇਤਾ ਝੁਲਸ ਰੋਗ

ਆਲੂ ਦੀ ਫਸਲ ਦਾ ਪਿਛੇਤਾ ਝੁਲਸ ਰੋਗ ਹਮਲਾ ਕਰਕੇ ਬਹੁਤ ਨੁਕਸਾਨ ਕਰਦਾ ਹੈ। ਪਹਿਲਾਂ ਇਸ ਰੋਗ ਦੀਆਂ ਨਿਸ਼ਾਨੀਆਂ ਪੱਤਿਆਂ ਉੱਪਰ ਆਉਂਦੀਆਂ ਹਨ ਪਰ ਬਾਅਦ ਵਿਚ ਅਨੁਕੂਲ ਮੌਸਮੀ ਹਾਲਾਤਾਂ ਕਰਕੇ ਇਸ ਬਿਮਾਰੀ ਦਾ ਹਮਲਾ ਮਿੱਟੀ ਵਿਚ ਬਣ ਰਹੇ ਆਲੂਆਂ ਤੇ ਵੀ ਹੋ ਜਾਂਦਾ ਹੈ। ਅਜਿਹੇ ਆਲੂਆਂ ਦੇ ਉੱਪਰ ਭੂਰੇ ਰੰਗ ਦੇ ਬੇਢੰਗੇ ਜਿਹੇ ਦਾਗ ਪੈ ਜਾਂਦੇ ਹਨ। ਰੋਗੀ ਆਲੂਆਂ ਵਿੱਚੋਂ ਬਦਬੂ ਆਉਂਦੀ ਹੈ। ਜੇਕਰ ਇਹ ਰੋਗੀ ਆਲੂ ਵੀ ਬੀਜ ਦੇ ਨਾਲ ਹੀ ਸਟੋਰ ਕਰ ਲਏ ਗਏ ਤਾਂ ਅਗਲੇ ਸਾਲ ਇਹ ਪਿਛੇਤੇ ਝੁਲਸ ਰੋਗ ਦੇ ਸ਼ੁਰੂ ਹੋਣ ਦਾ ਕਾਰਣ ਬਣਨਗੇ। ਇਸ ਲਈ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਆਲੂ ਸਟੋਰ ਕਰਨ ਤੋਂ ਪਹਿਲਾਂ ਰੋਗੀ ਆਲੂ ਵੱਖਰੇ ਛਾਂਟੀ ਕਰਕੇ ਨਸ਼ਟ ਕਰ ਦਿੱਤੇ ਜਾਣ ਤਾਂ ਜੋ ਬੀਜ ਰਾਹੀਂ ਫੈਲਣ ਵਾਲੀ ਇਸ ਬਿਮਾਰੀ ਦਾ ਮੁੱਖ ਸੋਮਾ ਨਸ਼ਟ ਕੀਤਾ ਜਾ ਸਕੇ। ਇਸ ਤਰ੍ਹਾਂ ਬਿਮਾਰੀ ਦੀ ਲਾਗ ਲਗਾਉਣ ਵਾਲੀ ਉੱਲੀ ਦਾ ਮੁੱਖ ਸੋਮਾ ਨਸ਼ਟ ਹੋ ਜਾਵੇਗਾ ਅਤੇ ਅਗਲੇ ਸਾਲ ਆਲੂ ਦੀ ਫਸਲ ਤੇ ਝੁਲਸ ਰੋਗ ਦੇ ਆਉਣ ਦਾ ਖਦਸ਼ਾ ਘੱਟ ਜਾਵੇਗਾ।

### ਖਰੀਂਢ ਰੋਗ ਅਤੇ ਧੱਫੜੀ ਰੋਗ

ਆਲੂ ਦੀ ਫਸਲ ਤੇ ਖਰੀਂਢ ਰੋਗ ਅਤੇ ਧੱਫੜੀ ਰੋਗ ਦਾ ਹਮਲਾ ਵੀ ਹਰ ਸਾਲ ਵੱਧ ਰਿਹਾ ਹੈ। ਭਾਵੇਂ ਕਿ ਇਹ ਦੋਵੇਂ ਰੋਗ ਆਲੂ ਦੇ ਝਾੜ ਤੇ ਬਹੁਤਾ ਅਸਰ ਨਹੀਂ ਪਾਉਂਦੇ ਪਰ ਇਹ ਆਲੂ ਦਾ ਮਿਆਰ ਘਟਾ ਦਿੰਦੇ ਹਨ ਜਿਸ ਨਾਲ ਮੰਡੀ ਵਿਚ ਆਲੂ ਦਾ ਵਾਜ਼ਬ ਮੁੱਲ ਨਹੀਂ ਮਿਲਦਾ। ਖਰੀਂਢ ਰੋਗ ਦੇ ਹਮਲੇ ਕਰਕੇ ਆਲੂਆਂ ਉੱਤੇ ਖੁਰਦਰੇ ਖਰੀਂਢ ਪੈ ਜਾਂਦੇ ਹਨ ਜਿਨ੍ਹਾਂ ਦਾ ਰੰਗ ਕਾਲਾ ਹੁੰਦਾ ਹੈ। ਇਹ ਖਰੀਂਢ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਆਲੂਆਂ ਉੱਤੇ ਮਿੱਟੀ ਜੰਮੀ ਹੋਵੇ ਪਰ ਇਹ ਖਰੀਂਢ ਆਲੂਆਂ ਨੂੰ ਪਾਣੀ ਨਾਲ ਧੋਣ ਤੋਂ ਬਾਅਦ ਉਤਰਦੇ ਨਹੀਂ। ਧੱਫੜੀ ਰੋਗ ਕਰਕੇ ਪ੍ਰਭਾਵਿਤ ਆਲੂਆਂ ਉੱਤੇ ਹਲਕੇ ਭੂਰੇ ਰੰਗ ਦੇ ਨਿਸ਼ਾਨ ਪੈ ਜਾਂਦੇ ਹਨ ਜੋ ਕਿ ਖੁਰਦਰੇ ਅਤੇ ਉੱਭਰਵੇਂ ਜਾਂ ਅੰਦਰ ਧੱਸੇ ਹੋਏ ਹੁੰਦੇ ਹਨ। ਇਨ੍ਹਾਂ ਦਾ ਅਕਾਰ ਅੱਧੇ ਤੋਂ ਇਕ ਸੈਂਟੀਮੀਟਰ ਤੱਕ ਹੁੰਦਾ ਹੈ। ਖਰੀਂਢ ਰੋਗ ਅਤੇ ਧੱਫੜੀ ਰੋਗ ਵੀ ਬੀਜ ਰਾਹੀਂ ਹੀ ਫੈਲਦੇ ਹਨ। ਅਕਸਰ ਹੀ ਵੇਖਿਆ ਗਿਆ ਹੈ ਕਿ ਕਿਸਾਨ ਭਰਾ ਆਲੂਆਂ ਨੂੰ ਮਿੱਟੀ ਲੱਗੀ ਸਮਝ ਕੇ ਰੋਗੀ ਬੀਜ ਹੀ ਸਟੋਰ ਕਰ ਲੈਂਦੇ ਹਨ। ਅਜਿਹੇ ਰੋਗੀ ਬੀਜ ਦੀ ਬਿਜਾਈ ਨਾਲ ਖਰੀਂਢ ਰੋਗ ਅਤੇ ਧੱਫੜੀ ਰੋਗ ਦਾ ਹਰ ਸਾਲ ਲਗਾਤਾਰ ਵਾਧਾ ਹੋ ਰਿਹਾ ਹੈ। ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਆਲੂਆਂ ਨੂੰ ਠੰਡੇ ਗੁਦਾਮਾਂ ਵਿਚ ਰੱਖਣ ਤੋਂ ਪਹਿਲਾਂ ਇਨ੍ਹਾਂ ਬਿਮਾਰੀਆਂ ਦੀ ਪਛਾਣ ਕਰਕੇ ਰੋਗੀ ਆਲੂਆਂ ਨੂੰ ਛਾਂਟ ਕੇ ਨਸ਼ਟ ਕਰ ਦੇਣ ਤਾਂ ਜੋ ਇਨ੍ਹਾਂ ਰੋਗਾਂ ਦੇ ਹੋਰ ਫੈਲਾਅ ਨੂੰ ਰੋਕਿਆ ਜਾ ਸਕੇ।

### ਵਿਸ਼ਾਣੂੰ ਰੋਗ

ਕਈ ਇਲਾਕਿਆਂ ਵਿਚ ਵਿਸ਼ਾਣੂੰ ਰੋਗ ਵੀ ਆਲੂ ਦੀ ਫਸਲ ਤੇ ਦੇਖਣ ਨੂੰ ਮਿਲਦਾ ਹੈ। ਇਸ ਬਿਮਾਰੀ ਦੇ ਹਮਲੇ ਨਾਲ ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਉੱਤੇ ਭਿੰਮ ਬਣ ਜਾਂਦੇ ਹਨ। ਪੱਤੇ ਉੱਪਰ ਵੱਲ ਮੁੜ ਜਾਂਦੇ ਹਨ ਅਤੇ ਖੜ੍ਹਵੇਂ ਰਹਿੰਦੇ ਹਨ ਜਾਂ ਵਲੇਟੇ ਜਾਂਦੇ ਹਨ। ਅਜਿਹੇ ਬੂਟੇ ਛੋਟੇ ਰਹਿ ਜਾਂਦੇ ਹਨ। ਇਸ ਰੋਗ ਦੇ ਵਿਸ਼ਾਣੂੰ ਪੱਤਿਆਂ ਤੋਂ ਤਣੇ ਰਾਹੀਂ ਜ਼ਮੀਨ ਵਿਚ ਆਲੂਆਂ ਤੇ ਚਲੇ ਜਾਂਦੇ ਹਨ। ਇਹ ਰੋਗੀ ਆਲੂ ਹੀ ਅਗਲੇ ਸਾਲ ਦੁਬਾਰਾ ਵਿਸ਼ਾਣੂੰ ਰੋਗ ਦੇ ਸ਼ੁਰੂ ਹੋਣ ਦਾ ਕਾਰਣ ਬਣਦੇ ਹਨ। ਇਸ ਲਈ ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਸ਼ਾਣੂੰ ਰੋਗ ਨਾਲ ਪ੍ਰਭਾਵਿਤ ਖੇਤਾਂ ਵਿੱਚੋਂ ਬੀਜ ਨਾ ਰੱਖਿਆ ਜਾਵੇ। ਸਗੋਂ ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਤਿਆਰ ਕੀਤੀ ਸੀਡ ਹੀ ਆਲੂ ਦਾ ਬੀਜ ਤਿਆਰ ਕੀਤੀ ਸੀਡ ਹੀ ਆਲੂ ਦਾ ਬੀਜ ਤਿਆਰ ਕਰਨ ਤਾਂ ਜੋ ਅਗਲੇ ਸਾਲ ਆਲੂ ਦੀਆਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ ਅਤੇ ਚੰਗੇ, ਨਰੋਏ ਤੇ ਰੋਗ ਰਹਿਤ ਆਲੂ ਪੈਦਾ ਕੀਤੇ ਜਾ ਸਕਣ।

**ਰਜਿੰਦਰ ਸਿੰਘ ਬੱਲ ਅਤੇ ਯਾਮਿਨੀ ਸ਼ਰਮਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ**
**ਮੋਬਾਇਲ : 78883-65773**

## ਸੂਰਜਮੁਖੀ ਦੀ ਖੇਤੀ 'ਚ ਘਾਟੇ ਕਾਰਨ ਕਿਸਾਨਾਂ ਨੇ ਮੋੜਿਆ ਮੂੰਹ

ਇਸ ਵਾਰ ਪੰਜਾਬ ਦੀ ਫਿਜ਼ਾ ਵਿਚ ਸੂਰਜਮੁਖੀ ਦੇ ਫੁੱਲ ਨਹੀਂ ਖਿੜਨਗੇ ਕਿਉਂਕਿ ਕਿਸਾਨਾਂ ਵਲੋਂ ਇਸ ਤੇਲ ਬੀਜ ਫਸਲ ਦੀ ਕਾਸ਼ਤ ਤਾਂ ਕੀ ਇਸ ਤੇ ਕੰਪਨੀਆਂ ਵਲੋਂ ਮੁਫਤ ਵਿਚ ਬਿਜਵਾਏ ਜਾਣ ਵਾਲੇ ਪ੍ਰਦਰਸ਼ਨੀ ਪਲਾਟ ਵੀ ਨਹੀਂ ਲਗਾਏ, ਜਿਸ ਕਾਰਨ ਕੰਪਨੀਆਂ ਨੂੰ ਆਪਣੀਆਂ ਨਵੀਆਂ ਕਿਸਮਾਂ ਦੀ ਪਰਖ ਕਰਨ ਲਈ ਮਜਬੂਰਨ ਹੋਰਨਾਂ ਰਾਜਾਂ ਵੱਲ ਮੁੱਖ ਕਰਨਾ ਪੈ ਰਿਹਾ ਹੈ।



ਪੰਜਾਬ ਖੇਤੀਬਾੜੀ ਵਿਭਾਗ ਦੇ ਅੰਕੜਿਆਂ ਅਨੁਸਾਰ ਰਾਜ ਵਿਚ 1996-97 ਵਿਚ ਇਸ ਫਸਲ ਹੇਠਾ ਰਕਬਾ 1.29 ਲੱਖ ਹੈਕਟੇਅਰ ਸੀ, ਜੋ ਘਟਦਾ-ਘਟਦਾ 2021-22 'ਚ 2200 ਹੈਕਟੇਅਰ ਤੇ ਆ ਗਿਆ ਤੇ ਇਸ ਤੋਂ ਅਗਲੇ ਸਾਲ 2022-23 'ਚ ਇਹ ਘੱਟ ਕੇ ਸਿਰਫ 1500 ਹੈਕਟੇਅਰ ਰਹਿ ਗਿਆ, ਜਿਸ ਦੇ ਇਸ ਸਾਲ ਲਗਭਗ ਖਤਮ ਹੋ ਜਾਣ ਦੇ ਆਸਾਰ ਬਣ ਗਏ ਹਨ, ਕਿਉਂਕਿ ਸੂਰਜਮੁਖੀ ਦਾ ਬੀਜ ਵੇਚਣ ਵਾਲੀਆਂ ਦੋ ਪ੍ਰਮੁੱਖ ਕੰਪਨੀਆਂ ਕਵੇਰੀ ਤੇ ਨੂਜੀਵਿਡੋ ਦੇ ਅਧਿਕਾਰੀਆਂ ਅਨੁਸਾਰ ਇਸ ਸਾਲ ਪੰਜਾਬ ਦੇ ਕਿਸੇ ਵੀ ਵੱਡੇ ਡੀਲਰ ਵਲੋਂ ਬੀਜ ਲਈ ਬਿਲਿੰਗ ਹੀ ਨਹੀਂ ਕਰਵਾਈ ਗਈ। ਦੇਸ਼ 'ਚ ਤੇਲ ਦੀ ਬੇਹੱਦ ਮੰਗ ਹੋਣ ਦੇ ਬਾਵਜੂਦ ਇਸ ਫਸਲ ਤੋਂ ਕਿਸਾਨਾਂ ਦਾ ਮੋਹ ਭੰਗ ਹੋਣ ਸਬੰਧੀ ਜਦੋਂ ਵੱਖ-ਵੱਖ ਕਿਸਾਨਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿਛਲੇ ਸਾਲਾਂ ਵਿਚ ਇਕ ਤਾਂ ਅਕਸਰ ਹੀ ਉਨ੍ਹਾਂ ਦੀ ਫਸਲ ਸਰਕਾਰ ਵਲੋਂ ਐਲਾਨੇ ਗਏ ਭਾਅ 'ਤੇ ਨਹੀਂ ਵਿਕੀ, ਸਗੋਂ ਕਈ ਵਾਰ ਤਾਂ ਸਰਕਾਰੀ ਭਾਅ ਤੋਂ ਅੱਧੇ ਮੁੱਲ 'ਤੇ ਵੀ ਵਿਕਦੀ ਰਹੀ ਤੇ ਦੂਜੀ ਬਾਜ਼ਾਰ 'ਚ ਸੂਰਜਮੁਖੀ ਦਾ ਘਟੀਆ ਬੀਜ ਧੜੱਲੇ ਨਾਲ ਵਿਕਦਾ ਰਿਹਾ ਜਿਸ ਕਾਰਨ ਝਾੜ ਤੇ ਗੁਣਵੱਤਾ ਮਾੜੀ ਰਹਿਣ ਲੱਗੀ, ਜਿਸ ਦੇ ਨਤੀਜੇ ਵਜੋਂ ਇਹ ਫਸਲ ਉਨ੍ਹਾਂ ਲਈ ਘਾਟੇ ਵਾਲੀ ਸਾਬਤ ਹੋਣ ਲੱਗ ਪਈ।



ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
KHETI DUNIYAN An Exclusive Agri. Weekly
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com